ISSN 0972-2335

# ਅੰਮ੍ਰਿਤ ਕੀਰਤਨ

ਦਸੰਬਰ 2021



ਖਿਆਲ ਪਾਤਿਸ਼ਾਹੀ ੧੦॥

KHYAL OF THE TENTH KING

ਮਿਤ੍ਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ ॥

Convey to the dear friend the condition of the disciples,

ਤੁਧੁ ਬਿਨੁ ਰੋਗੁ ਰਜਾਈਆਂ ਦਾ ਓਢਣ ਨਾਗ ਨਿਵਾਸਾਂ ਦੇ ਰਹਿਣਾ ॥

Without Thee, the taking over of quilt is like disease and living in the house is like living with serpents;

ਸੂਲ ਸੁਰਾਹੀ ਖੰਜਰੁ ਪਿਆਲਾ ਬਿੰਗ ਕਸਾਈਆਂ ਦਾ ਸਹਿਣਾ ॥

The flask is like the spike, the cup is like a dagger and (the separation) is like enduring the chopper of the butchers,

ਯਾਰੜੇ ਦਾ ਸਾਨੂੰ ਸੱਥਰੁ ਚੰਗਾ ਭੱਠ ਖੇੜਿਆਂ ਦਾ ਰਹਿਣਾ ॥ ੧॥ ੧॥

The pallet of the beloved Friend is most pleasing and the worldly pleasures are like furnace.1.1

ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

ਮੁੱਲ 15/-



## ਐਤਵਾਰ

ਐਤਵਾਰ ਚੜ੍ਹਿਆ ਪਰ ਕੀ ਆਖਾਂ,
ਅਸੀਂ ਕਿਧਰ ਦੇ ਕਿਧਰ ਨੂੰ ਜਾ ਰਹੇ ਹਾਂ।
ਜਿਸ ਰੱਬ ਨੇ ਖਾਣ ਤੇ ਪੀਣ ਦਿੱਤਾ,
ਉਂਸ ਰੱਬ ਨੂੰ ਕਾਹਨੂੰ ਭੁਲਾ ਰਹੇ ਹਾਂ।
ਮਾਲ ਦੌਲਤ ਤੇ ਸਿਹਤ ਇਕਬਾਲ ਦਿੱਤਾ,
ਆਣ ਜਾਣ ਤੇ ਮੋਟਰ ਤੇ ਜਾ ਰਹੇ ਹਾਂ।
ਰਹਿਣ ਕੋਠੀਆਂ ਅਤੇ ਮਕਾਨ ਦਿੱਤੇ,
ਕੰਮਕਾਰ ਲਈ ਫੈਕਟਰੀਆਂ ਚਲਾ ਰਹੇ ਹਾਂ।
ਹੁਣ ਚਾਹੀਦਾ ਰੱਬ ਨੂੰ ਯਾਦ ਕਰੀਏ,
ਗ਼ਾਫ਼ਿਲ ਹੋ ਕੇ ਸਮਾਂ ਗਵਾ ਰਹੇ ਹਾਂ ।
ਸੁਬਾਹ ਉਠ ਕੇ ਸੋਚ ਇਸ਼ਨਾਨ ਮਗਰੋਂ,
ਸਮਝੋ ਬਾਣੀ ਵਿਚ ਚਿੱਤ ਲਗਾ ਰਹੇ ਹਾਂ।
ਰੋਜ਼ ਜਾਣਾ ਗੁਰੂਦੁਆਰੇ ਨੂੰ ਮੁੱਖ ਰੱਖੋ,
ਦਰਸ਼ਨ ਬਾਬੇ ਦੇ ਸਨਮੁੱਖ ਪਾ ਰਹੇ ਹਾਂ।
ਆਪਣੇ ਵਕਤ ਦੀ ਯੋਗ ਵੰਡ ਕਰ ਲਉ,
ਹਿੱਸਾ ਰੱਬ ਦਾ ਕੱਢ ਕਢਾ ਰਹੇ ਹਾਂ।
ਸੁਬਾਹ ਸ਼ਾਮ ਤੇ ਰਾਤ ਕੁਝ ਵਕਤ ਕੱਢ ਕੇ,
ਯਾਦ ਪ੍ਰਭੂ ਦੀ ਮਨ ਵਸਾ ਰਹੇ ਹਾਂ।

## ऐतवार

ऐतवार चढ़िआ पर की आखवां,
असीं किधर दे किधर नू जा रहे हां ।
जिस रब्ब ने खाण ते पीण दित्ता,
उस रब्ब नू काहनूं भुला रहे हां ।
माल दौलत ते सेहत इकबाल दित्ता,
आण जाण ते मोटर ते जा रहे हां ।
रहण कोठियां अते मकान दित्ते,
कमकार लई फैक्टरियां चला रहे हां ।
हुण चाहीदा रब्ब नू याद करिये,
ग़ाफ़िल हो के समां गंवा रहे हां ।
सुबह उठ के सोच इश्नान मगरों,
समझो बाणी विच चित्त लगा रहे हां ।
रोज़ जाणा गुरूद्ववारे नू मुख रखके,
दर्शन बाबे दे सन्मुख पा रहे हां ।
आपणे वक्त दी योग वंड कर लओ,
हिस्सा रब्ब दा कढ कढा रहे हां ।
सुबह शाम ते रात कुझ वक्त कढके,
याद प्रभु दी मन वसा रहे हां ।

**ਪੁਸਤਕ – ਗੁੱਝੀਆਂ ਰਮਜਾਂ: ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ**

# ਅੰਮ੍ਰਿਤ ਕੀਰਤਨ


ਸੰਪਾਦਕ (ਆਨਰੇਰੀ)

**ਡਾ. ਜਾਗੀਰ ਸਿੰਘ**

ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀਐਚ. ਡੀ

ਸਹਿਯੋਗੀ

ਸ. ਹਰਭਜਨ ਸਿੰਘ ਅਤੇ ਸ. ਨਵਤੇਜ ਸਿੰਘ


- ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

### ਚੰਦੇ ਦਾ ਵੇਰਵਾ

- ਦੇਸ਼: ਇਕ ਕਾਪੀ :15 ਰੁਪਏ
- ਦੇਸ਼ ਸਾਲਾਨਾ ਚੰਦਾ : 150 ਰੁਪਏ
- ਜੀਵਨ ਮੈਂਬਰ ਚੰਦਾ: 1500 ਰੁਪਏ
- ਵਿਦੇਸ਼ : ਸਲਾਨਾ ਚੰਦਾ INR1500
- 'ਅੰਮ੍ਰਿਤ ਕੀਰਤਨ' ਲਈ ਡਰਾਫਟ, ਮਾਇਕ ਸਹਾਇਤਾ, ਚਿੱਠੀ-ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ:-


**ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)**

422, ਸੈਕਟਰ 15-ਏ, ਚੰਡੀਗੜ੍ਹ 160 015

ਫੋਨ : 0172-2772660, 098140 53630

e-mail: drjagirsingh@gmail.com

Website : http://www.amritkirtan.com



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ **ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼** ਸ਼ੋਅਰੂਮ ਨੰ: 443, ਮਟੌਰ, ਸੈਕਟਰ 70, ਮੁਹਾਲੀ (ਫੋਨ :0172-4782705, 98150-72197) ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।


## ਇਸ ਅੰਕ ਵਿਚ


ਐਤਵਾਰ

ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ ਟਾ-2

ਸੰਪਾਦਕੀ : ਕਰਉ ਬੇਨੰਤੀਆ -

ਮਿਤ੍ਰ ਪਿਆਰੇ ਨੂੰ 2

ਫ਼ਰੀਦ ਬਾਣੀ : ਸੰਗੀਤਕ ਪਰਿਪੇਖ

ਡਾ. ਜਾਗੀਰ ਸਿੰਘ 4

ਤਿੰਨ ਤਾਲ ਕਾਇਦਾ ਸੀਰੀਜ

ਪ੍ਰੋਫ਼ੈਸਰ ਹਰਭਜਨ ਸਿੰਘ ਧਾਰੀਵਾਲ

(ਲਾਹੌਰ ਬਾਜ ਪੰਜਾਬ ਘਰਾਣਾ) 12

ਗੁਰਮਤਿ ਸੰਗੀਤ ਚੇਅਰ ਵੱਲੋਂ ਕਰਵਾਏ ਗਏ

ਕਾਰਜਾਂ ਦੀ ਰਿਪੋਰਟ 14

ਗੁਰਮਤਿ ਸੰਗੀਤ ਦੇ ਪ੍ਰਮੁਖ ਰਚਨਾਕਾਰ

ਸ. ਗਿਆਨ ਸਿੰਘ ਐਬਟਾਬਾਦੇ -ਡਾ. ਗੁਰਨਾਮ ਸਿੰਘ 18

ਸੁਰ ਲਿਪੀ -ਰਾਗੁ ਕਲਿਆਣ

ਸਰਦਾਰ ਹਰਭਜਨ ਸਿੰਘ ਚੋਪੜਾ ਟਾ-3

ਸੁਰ ਲਿਪੀ ਵਾਲਾ ਸ਼ਬਦ ਅਤੇ ਅਰਥ ਟਾ-4


Donations to **AMRIT KIRTAN TRUST** are eligible for relief u/s 80 G of Income-Tax Act, 1961 (43 of 1961) vide CIT/-I/ CHD/ Tech./ 80-G/ 2008-939 dated 19-05-2008 valid upto 31/03/2012 and now valid in perpetuity, Cheques/Drafts should be sent in the name of **AMRIT KIRTAN TRUST** payable at Mohali. Donations can also be sent by money order at the address **AMRIT KIRTAN TRUST** (Regd.) 422, Sector 15-A, Chandigarh-160015. The Donations can be made by Electronic Transfer also. The bank details are : **AMRIT KIRTAN TRUST** Saving Bank A/c No. 65079603302, IFSC : SBIN0018141 in the State Bank of India, Phase 3B2, Mohali Punjab Branch. After such a Deposit, please inform us your Name and Address as also the deposit details to enable us to send you the receipt.

# ਕਰਉ ਬੇਨੰਤੀਆ

## ਮਿਤ੍ਰ ਪਿਆਰੇ ਨੂੰ

ਜਦੋਂ ਦਸੰਬਰ ਮਹੀਨਾਂ ਆਉਂਦਾ ਹੈ ਤਾਂ ਮੈਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਇਸ ਸ਼ਬਦ ਦੀ ਯਾਦ ਆ ਜਾਂਦੀ ਹੈ। ਇਸ ਮਹੀਨੇ ਵਿੱਚ ਮੈਂ ਇਹ ਸ਼ਬਦ ਬਹੁਤ ਗਾਇਨ ਕੀਤਾ ਹੈ।ਇਸ ਮਹੀਨੇ ਵਿੱਚ ਚਾਰਾਂ ਸਾਹਿਬਜ਼ਾਦਿਆਂ ਦੀ ਸ਼ਹੀਦੀ ਅਤੇ ਆਮ ਤੌਰ ਤੇ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਉਤਸਵ ਇਸੇ ਮਹੀਨੇ ਵਿੱਚ ਆ ਜਾਂਦੇ ਹਨ। ਮਾਛੀਵਾੜੇ ਦਾ ਪ੍ਰਸੰਗ ਵੀ ਇਸੇ ਮਹੀਨੇ ਵਿੱਚ ਆਉਂਦਾ ਹੈ।ਇਸ ਮਹੀਨੇ ਵਿੱਚ ਕੀਰਤਨ ਦਰਬਾਰ ਵੀ ਕਾਫੀ ਸਜਦੇ ਹਨ।ਜਦੋਂ ਮੈਂ ਕੀਰਤਨ ਸਮਾਗਮਾਂ ਵਿੱਚ ਸਰਗਰਮ ਹੁੰਦਾ ਸੀ ਤਾਂ ਕੀਰਤਨ ਦਰਬਾਰਾਂ ਵਿੱਚ ਹਿੱਸਾ ਲੈਂਦਾ ਸੀ।ਸਰਦੀ ਦੀ ਰਾਤ ਨੂੰ ਜਦੋਂ ਕਿਤੇ ਕੀਰਤਨ ਕਰਦਾ ਤਾਂ ਇਹ ਸ਼ਬਦ ਗਾਇਨ ਕਰਦਾ।ਹੁਣ ਵੀ ਯੂ ਟਿਊਬ ਤੇ ਸ਼ਾਮਲ ਇਸ ਸ਼ਬਦ ਦੇ ਆਪਣੇ ਗਾਇਨ ਨੂੰ ਸੁਣ ਕੇ ਆਪ ਹੀ ਵੈਰਾਗ ਵਿੱਚ ਜਾਂਦਾ ਹਾਂ।ਹੁਣ ਕੀਰਤਨ ਦੀਆਂ ਸਰਗਰਮੀਆਂ ਘਟ ਹੋ ਜਾਣ ਕਾਰਨ ਫਰੀਦ ਜੀ ਦੇ ਸਲੋਕ ਦੀ ਇਹ ਤੁਕ ਗੁਣ ਗੁਣਾ ਕੇ ਸਬਰ ਕਰ ਲੈਂਦਾ ਹਾਂ-ਇਨੀ ਨਿਕੀ ਜੰਘੀਏ ਥਲ ਡੂਗਰ ਭਵਿਓਮ।

ਮਿਤ੍ਰ ਪਿਆਰੇ ਨੂੰ ਸ਼ਬਦ ਗਾਇਨ ਕਰਦਿਆਂ ਸੰਤ ਗੁਰਮੁਖ ਸਿੰਘ ਪਟਿਆਲਾ ਵਾਲਿਆਂ ਦਾ ਕਥਨ ਵੀ ਯਾਦ ਕਰਾ ਦਿੰਦਾ ਸਾਂ-ਸੰਤ ਜੀ ਆਖਦੇ ਸਨ ਕਿ 'ਭਾਈ ਸਰਦੀ ਦੇ ਦਿਨਾਂ ਵਿੱਚ ਦੁਨੀਆਂ ਛਡਣੀ ਸੌਖੀ ਹੈ ਪਰ ਰਜ਼ਾਈ ਛੱਡਣੀ ਔਖੀ ਹੈ ,ਯਾਦ ਕਰੋ ਦਸ਼ਮੇਸ਼ ਪਿਤਾ ਜੋ ਇਹਨਾਂ ਦਿਨਾਂ ਵਿੱਚ ਨੰਗੇ ਪੈਰ ਇੱਟ ਦਾ ਸਿਰਹਾਣਾ ਲੈ ਕੇ ਹੇਠਾਂ ਹੀ ਸੌਂ ਗਿਆ ਸੀ।' ਇਸ ਉਪਰੰਤ ਇਸ ਸ਼ਬਦ ਦੇ ਗਾਇਨ ਕਰਨ ਅਤੇ ਸੁਣਨ ਦੀ ਭਾਵਨਾਂ ਤੇ ਸ਼ਿਦਤ ਹੋਰ ਤੀਰਬ ਹੋ ਜਾਂਦੀ ਸੀ।

ਗੁਰੂ ਗੋਬਿੰਦ ਸਿੰਘ ਜੀ ਦਾ ਇਤਿਹਾਸਕ ਜੀਵਨ ਸਚਮੁੱਚ ਹੀ ਇੱਕ ਬਚਿੱਤਰ ਨਾਟਕ ਵਾਂਗ ਜਾਪਦਾ ਹੈ। ਗੁਰੂ ਸਾਹਿਬ ਦਾ ਪ੍ਰਕਾਸ਼ ਪਟਨਾ ਬਿਹਾਰ ਵਿੱਚ, ਨਿਵਾਸ ਅਨੰਦਪੁਰ ਸਾਹਿਬ ਅਤੇ ਪਾਉਂਟਾ ਸਾਹਿਬ ਵਿਚ ਅਤੇ ਜੋਤੀ ਜੋਤਿ ਸਮਾਉਣਾ ਨਾਦੇੜ ਹਜ਼ੂਰ ਸਾਹਿਬ ਵਿੱਚ।ਲਗਭਗ 42 ਸਾਲ ਦੀ ਉਮਰ ਵਿੱਚ ਉਹਨਾਂ ਨੇ ਜਿਹੜੇ ਕਾਰਜਾਂ ਅਤੇ ਸੰਭਾਵਨਾਵਾਂ ਦੀ ਸਿਰਜਣਾ ਕੀਤੀ ਉਸ ਅਨੁਸਾਰ ਸੰਸਾਰ ਦੇ ਨਕਸ਼ੇ ਉੱਪਰ ਵੱਡੀ ਤਬਦੀਲੀ ਨਜ਼ਰ ਆ ਰਹੀ ਹੈ।

ਪਰ ਅਜੋਕੇ ਸਮੇਂ ਵਿਚ ਅਸੀਂ ਵਰਤਮਾਨ ਹਾਲਾਤ ਅਤੇ ਆਪਣੀਆਂ ਸੀਮਿਤ ਗਰਜ਼ਾਂ ਨੂੰ ਧਿਆਨ ਵਿੱਚ ਰਖਦਿਆਂ ਗੁਰੂ ਸਾਹਿਬ ਦੇ ਦ੍ਰਿਸ਼ਟੀਕੋਣ ਤੋਂ ਸ਼ਾਇਦ ਥਿੜਕ ਰਹੇ ਹਾਂ।ਗੁਰੂ ਸਾਹਿਬ ਨੇ ਆਪਣੇ ਜੀਵਨ ਵਿੱਚ ਸਥਾਨ ਨਾਲੋਂ ਸਿਧਾਂਤ ਨੂੰ ਮਹੱਤਤਾ ਦਿੱਤੀ।ਮੇਰੀ ਰਾਜਨੀਤਿਕ ਸੂਝ ਇਤਨੀ ਨਹੀਂ ਕਿ ਮੈਂ ਅਜੋਕੇ ਰਾਜਸੀ ਵਰਤਾਰਿਆਂ ਬਾਰੇ ਕੋਈ ਟਿੱਪਣੀ ਕਰ ਸਕਾਂ।ਪਰ ਮੈਨੂੰ ਜਾਪਦਾ ਹੈ ਕਿ ਗੁਰੂ ਸਾਹਿਬ ਨੂੰ ਜਦੋਂ ਕੋਈ ਸ਼ਾਂਤ ਸਮਾਂ ਮਿਲਦਾ ਤਾਂ ਉਹ ਸਾਹਿਤ ਸਿਰਜਣਾ ਕਰਨ ਅਤੇ ਕਰਾਉਣ ਵੱਲ ਵਧੇਰੇ ਰੁਚਿਤ ਹੋ ਜਾਂਦੇ ਸਨ।

ਆਨੰਦ ਪੁਰ ਸਾਹਿਬ ,ਪਾਉਂਟਾ ਸਾਹਿਬ ਅਤੇ ਦਮਦਮਾਂ ਸਾਹਿਬ ਨਾਲ ਸਬੰਧਤ ਅਨੇਕਾਂ ਪ੍ਰਸੰਗ ਸਾਹਮਣੇ ਆਉਂਦੇ ਹਨ। ਅੰਤ ਵਿੱਚ ਨਾਦੇੜ ਵਿਖੇ ਵੀ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਥਾਪਣ ਬਾਰੇ ਇਹ ਸੰਦਰਭ ਸਥਾਪਤ ਕੀਤਾ ਜਾ ਸਕਦਾ ਹੈ। ਗੁਰੂ ਸਾਹਿਬ ਸਮੇਂ ਤਿਆਰ ਹੋਏ ਸਾਹਿਤ ਦਾ ਅਧਿਐਨ ਕਰਨ ਦੀ ਬਜਾਇ ਅਸੀਂ ਵਾਦ ਵਿਵਾਦ ਵਿੱਚ ਫਸ ਕੇ ਉਸ ਦੀ ਮਹੱਤਤਾ ਘਟਾ ਦਿੱਤੀ ਹੈ।

ਮੈਨੂੰ ਜਾਪਦਾ ਹੈ ਕਿ ਰਾਜਨੀਤਿਕ ਤੌਰ ਤੇ ਸਾਰੇ ਗੁਰੂ ਸਾਹਿਬਾਨ ਹੀ ਕੇਵਲ ਪੰਜਾਬ ਬਾਰੇ ਨਹੀਂ ਸੀ ਸੋਚਦੇ ਸਗੋਂ ਉਹਨਾਂ ਦੀ ਸੋਚ ਸਮੁੱਚੇ ਹਿੰਦੁਸਤਾਨ ਵਿੱਚ ਹੀ ਇੱਕ ਵਿਸ਼ੇਸ਼ ਖੁਸ਼ਹਾਲ ਸਮਾਜ ਸਿਰਜਣ ਦੀ ਸੀ। ਗੁਰੂ ਸਾਹਿਬਾਨ ਵੱਲੋਂ ਕੀਤੀਆਂ ਯਾਤਰਾਵਾਂ, ਕੇਂਦਰਾਂ ਦੀ ਸਥਾਪਨਾਂ ਅਤੇ ਗੁਰੂ ਗ੍ਰੰਥ ਸਾਹਿਬ ਵਿੱਚ ਵੱਖ ਵੱਖ ਭਗਤਾਂ ਦੀ ਬਾਣੀ ਦਾ ਸ਼ਾਮਲ ਕਰਨਾ ਆਦਿ ਅਨੇਕਾਂ ਹਵਾਲੇ ਹਨ ਜਿਹੜੇ ਉਹਨਾਂ ਦੀ ਵਿਸ਼ਾਲ ਦ੍ਰਿਸ਼ਟੀ ਦੀ ਪ੍ਰੋੜਤਾ ਕਰਦੇ ਹਨ। ਹੁਣ ਜਦੋਂ ਕਿ ਗੁਰਮਤਿ ਦਾ ਪ੍ਰਭਾਵ ਅੰਤਰਰਾਸ਼ਟਰੀ ਪੱਧਰ ਤੇ ਵਿਆਪ ਰਿਹਾ ਹੈ ਪਰ ਅਸੀਂ ਸਥਾਨਕ ਮੁੱਦਿਆਂ ਦੇ ਕਾਰਨ ਗੁਰਮਤਿ ਦੇ ਸਿਧਾਂਤ ਨੂੰ ਵੀ ਸੀਮਿਤ ਕਰ ਰਹੇ ਹਾਂ।

ਪਰ ਪਰ ਪਰ ਸ਼ਾਇਦ ਮੈਂ ਗਲਤ ਹੋਵਾਂ।

ਸਰਦੀ ਦੇ ਇਸ ਮੌਸਮ ਵਿੱਚ ਮੈਂ ਰੂਮ ਹੀਟਰ ਲਗਾ ਕੇ ਬੰਦ ਕਮਰੇ ਵਿੱਚ 'ਮਿਤ੍ਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ' ਗਾ ਕੇ 'ਤੁਧ ਬਿਨ ਰੋਗ ਰਜਾਈਆਂ ਦਾ ਓਡਣ' ਮਹਿਸੂਸ ਕਰ ਰਿਹਾ ਹਾਂ।

ਭੁੱਲ ਚੁੱਕ ਖਿਮਾ

# ਫ਼ਰੀਦ ਬਾਣੀ : ਸੰਗੀਤਕ ਪਰਿਪੇਖ

**ਡਾ ਜਾਗੀਰ ਸਿੰਘ**

ਫ਼ਰੀਦ ਬਾਣੀ ਦੀ ਪਿੱਠ-ਭੂਮੀ ਉਤੇ ਕੇਵਲ ਸੂਫ਼ੀ ਸੰਗੀਤ ਦੀ ਪਰੰਪਰਾ ਹੀ ਮੌਜੂਦ ਨਹੀਂ ਸਗੋਂ ਇਸ ਉਤੇ ਹਿੰਦੁਸਤਾਨੀ ਸੰਗੀਤ ਦੀ ਕੇਂਦਰੀ ਪਰੰਪਰਾ ਦਾ ਪ੍ਰਭਾਵ ਵਿਸ਼ਾਲ ਪਿੱਠ-ਭੂਮੀ ਵਜੋਂ ਉਜਾਗਰ ਹੋ ਰਿਹਾ ਹੈ। ਬਾਣੀ ਦੀ ਵਿਸ਼ੇਸ ਸੰਗੀਤਕ ਰਵਾਨਗੀ, ਸੰਗੀਤਕ ਕਾਇਆ, ਰਾਗ, ਗਾਇਨ ਸ਼ੈਲੀ ਆਦਿ ਅਜਿਹੇ ਮੌਲਿਕ ਤੇ ਵਿਲੱਖਣ ਤੱਤ ਹਨ ਜੋ ਸਾਨੂੰ ਫਰੀਦ ਬਾਣੀ ਦੇ ਸੰਗੀਤਕ ਪਰਿਪੇਖ ਨੂੰ ਸਮਝਣ ਤੇ ਬੂਝਣ ਲਈ  ਪਰੇਰ ਰਹੇ ਹਨ।

ਫ਼ਰੀਦ ਜੀ ਮੁਸਲਮਾਨਾਂ ਦੀ ਸੂਫ਼ੀ ਪਰੰਪਰਾ ਨਾਲ ਸਬੰਧਤ ਸਨ। ਮੁਸਲਮਾਨਾਂ ਦੇ ਭਾਰਤ ਪ੍ਰਵੇਸ਼ ਸਮੇਂ ਹੀ ਸੂਫ਼ੀ ਫ਼ਕੀਰਾਂ ਦਾ ਆਗਮਨ ਹੋ ਗਿਆ ਸੀ। ਇਨ੍ਹਾਂ ਫ਼ਕੀਰਾਂ ਨੇ ਆਪਣੇ ਮੱਤ ਦੇ ਪ੍ਰਚਾਰ ਲਈ ਵੱਖ-ਵੱਖ ਥਾਵਾਂ 'ਤੇ ਕੇਂਦਰ ਬਣਾਏ ਜਿਨ੍ਹਾਂ ਨੂੰ ਦਰਗਾਹਾਂ ਕਿਹਾ ਜਾਂਦਾ ਸੀ। ਇਨ੍ਹਾਂ ਦਰਗਾਹਾਂ ਨੂੰ ਸਮੇਂ-ਸਮੇਂ ਤਤਕਾਲੀਨ ਹਾਕਮਾਂ ਵਲੋਂ ਸਹਾਇਤਾ ਵੀ ਦਿੱਤੀ ਜਾਂਦੀ ਸੀ। ਇਨ੍ਹਾਂ ਦਰਗਾਹਾਂ ਦੇ ਮੁਖੀ ਆਮ ਜਨਤਾ ਅਤੇ ਹਾਕਮਾਂ ਵਿਚ ਸੰਪਰਕ ਵੀ ਸਥਾਪਤ ਕਰਦੇ ਰਹੇ। ਇਨ੍ਹਾਂ ਦਰਗਾਹਾਂ ਰਾਹੀਂ ਇਸਲਾਮ ਦਾ ਪਰਚਾਰ ਵੀ ਹੁੰਦਾ ਸੀ।

## ਸੂਫ਼ੀ ਅਤੇ ਸੰਗੀਤ

ਬਹੁਤੇ ਸੂਫ਼ੀ ਫ਼ਕੀਰ, ਸੂਫ਼ੀ ਰਹੱਸਵਾਦੀ ਸਾਧਨਾ ਦੇ ਅੰਤਰਗਤ ਸੰਗੀਤ ਦੇ ਵਿਸ਼ੇਸ਼ ਮਹੱਤਵ ਨੂੰ ਸਵੀਕਾਰ  ਕਰਦੇ ਹਨ। ਸੂਫ਼ੀ-ਸਾਧਨਾ ਦੇ ਅੰਤਰਗਤ ਸੰਗੀਤ ਰਾਹੀਂ ਰੱਬੀ ਉਸਤਤਿ ਸੁਣਨ ਨੂੰ ਸਮਾਅ (ਕੀਰਤਨ) ਆਖਿਆ ਜਾਂਦਾ ਹੈ।'ਸਮਾਅ' ਦੇ ਮਹੱਤਵ ਸਬੰਧੀ ਸੂਫ਼ੀ ਮੱਤ ਦੀਆਂ ਪੁਸਤਕਾਂ ਵਿਚ ਅਨੇਕ ਥਾਈਂ ਵਿਸ਼ੇਸ਼ ਹਵਾਲੇ ਮਿਲਦੇ ਹਨ.

ਡਾ. ਸਾਧੂ ਰਾਮ ਸ਼ਾਰਦਾ ਪੁਸਤਕ 'ਅਵਾਰਿਫ਼-ਉਲ' ਦੇ ਹਵਾਲੇ ਨਾਲ ਦਸਦੇ ਹਨ ਕਿ ਵਧੇਰੇ ਸੂਫ਼ੀ ਸੰਗੀਤ ਸੁਣਨ ਦੀ ਸਾਧਨਾ ਦਾ ਲਾਭ ਮੰਨਦੇ ਹਨ। ਉਨ੍ਹਾਂ ਅਨੁਸਾਰ ਇਸ ਨਾਲ ਮਨ ਦੀ ਇਕਾਗਰਤਾ ਅਤੇ ਵਜਦ ਪ੍ਰਾਪਤ ਕਰਨ ਵਿਚ ਸਹਾਇਤਾ ਮਿਲਦੀ ਹੈ। ਆਮ ਲੋਕ ਸਮਾਅ, ਕੁਦਰਤੀ ਪ੍ਰਵਿਰਤੀ ਅਨੁਸਾਰ ਸੁਣਦੇ ਹਨ। ਸਾਧਕ ਈਸ਼ਵਰ ਦਾ ਸ਼ੌਕ ਅਤੇ ਖੌਫ਼ ਪ੍ਰਾਪਤ ਕਰਨ ਲਈ ਸੁਣਦੇ ਹਨ, ਔਲੀਆ ਲੋਕ ਈਸ਼ਵਰ ਦੀਆਂ ਦਾਤਾਂ ਲਈ ਸੁਣਦੇ ਹਨ। ਆਰਿਫ਼ (ਗਿਆਨੀ) ਖ਼ੁਦਾ ਦਾ ਗਿਆਨ ਪ੍ਰਾਪਤ ਕਰਨ ਲਈ ਅਤੇ ਕਾਮਿਲ ਉਸ ਦੀਆਂ ਵਹੀਆਂ (ਆਦੇਸ਼) ਨੂੰ ਪ੍ਰਾਪਤ ਕਰਨ ਲਈ ਸੁਣਦੇ ਹਨ। 1

'ਸਮਾਅ' ਦੇ ਮਹੱਤਵ ਸਬੰਧੀ ਚਿਰਾਗਿ ਦਿਹਲਵੀ ਦਾ ਕਥਨ ਹੈ ਕਿ ''ਸਮਾਅ ਦਰਦਮੰਦਾਂ ਲਈ ਇਲਾਜ ਦਾ ਦਰਜਾ ਰੱਖਦਾ ਹੈ। ਜਿਸ ਤਰ੍ਹਾਂ ਜ਼ਾਹਿਰੀ ਦਰਦ ਵਾਸਤੇ ਇਲਾਜ਼ ਹੁੰਦਾ ਹੈ, ਉਸੇ ਤਰ੍ਹਾਂ ਬਾਤਿਨੀ (ਅੰਦਰੂਨੀ) ਦਰਦ ਦੇ ਲਈ ਸਮਾਅ ਤੋਂ ਬਿਨਾਂ ਹੋਰ ਕੋਈ ਇਲਾਜ਼ ਨਹੀਂ।'' [2]

ਇਸੇ ਤਰ੍ਹਾਂ ਦਾਤਾਗੰਜ ਬਖ਼ਸ਼ ਲਾਹੌਰੀ ਸੰਗੀਤ ਦੇ ਰੂਹਾਨੀ ਮਹੱਤਵ ਦਾ ਜ਼ਿਕਰ ਕਰਦਾ ਲਿਖਦਾ ਹੈ, ''ਰਾਗ (ਸਮਾਅ) ਰੱਬੀ ਸ਼ੈਅ ਏ, ਇਹ ਦਿਲਾਂ ਨੂੰ ਝੂਣ ਕੇ ਰੱਬ ਦੀ ਭਾਲ ਵਿਚ ਜੋੜ ਦੇਂਦਾ ਹੈ। ਇਸਨੂੰ ਰੂਹਾਨੀ ਤੌਰ ਤੇ ਸੁਣਨ ਵਾਲੇ ਰੱਬ ਤਾਈਂ ਅਪੜਦੇ ਨੇ। ਇਹਨੂੰ ਜਿਸਮਾਨੀ ਤੌਰ ਤੇ ਸੁਣਨ ਵਾਲੇ ਬੇਯਕੀਨੀ ਦੇ

ਖੱਡੇ ਵਿਚ ਡਿੱਗ ਪੈਂਦੇ ਨੇ।''[3]

ਉਪਰੋਕਤ ਹਵਾਲਿਆਂ ਤੋਂ ਸਪੱਸ਼ਟ ਹੈ ਕਿ ਸੂਫ਼ੀ ਸਾਧਨਾ ਦੇ ਅੰਤਰਗਤ 'ਸਮਾਅ' ਦਾ ਵਿਸ਼ੇਸ਼ ਮਹੱਤਵ ਰਿਹਾ ਹੈ। ਸੂਫ਼ੀਆਂ ਦੀਆਂ ਵਿਭਿੰਨ ਸੰਪਰਦਾਵਾਂ ਵਿਚੋਂ ਖ਼ਾਸਕਰ ਚਿਸ਼ਤੀ ਸਿਲਸਿਲੇ ਦੇ ਸੂਫ਼ੀਆਂ ਨੇ ਸੰਗੀਤ ਨੂੰ ਵਿਸ਼ੇਸ਼ ਮਹੱਤਵ ਦਿੱਤਾ। ਚਿਸ਼ਤੀ ਸੂਫ਼ੀ ਸਿਲਸਿਲੇ ਦੇ ਸੂਫ਼ੀ ਦਰਵੇਸ਼ਾਂ ਦੇ ਜੀਵਨ ਅਤੇ ਬਾਣੀ-ਬਚਨਾਂ ਤੋਂ ਇਹ ਗੱਲ ਭਲੀ-ਭਾਂਤ ਉਜਾਗਰ ਹੁੰਦੀ ਹੈ ਕਿ ਇਨ੍ਹਾਂ ਸੂਫ਼ੀਆਂ ਦੀਆਂ ਦਰਗਾਹਾਂ ਵਿਚ ਰੱਬੀ ਉਸਤਤਿ ਦਾ ਸੰਗੀਤ (ਸਮਾਅ) ਸੁਣਨ ਦੀ ਰਵਾਇਤ ਮੌਜੂਦ ਸੀ।

ਅਸਲ ਵਿਚ ਇਨ੍ਹਾਂ ਸੂਫ਼ੀ ਫ਼ਕੀਰਾਂ ਨੇ ਆਪਣੇ ਮੱਤ ਦੇ ਪ੍ਰਚਾਰ ਹਿਤ ਵੱਖ-ਵੱਖ ਥਾਈਂ ਦਰਗਾਹਾਂ ਕਾਇਮ ਕੀਤੀਆਂ। ਇਨ੍ਹਾਂ ਖਾਨਗਾਹਾਂ ਉਤੇ ਸਭ ਧਰਮਾਂ ਦੇ ਲੋਕਾਂ ਦੀ ਆਵਾਜਾਈ ਰਹਿੰਦੀ ਸੀ ਅਤੇ ਸਭ ਧਰਮਾਂ ਦੇ ਲੋਕ ਸੂਫ਼ੀ ਸਿਧਾਂਤਾਂ ਨੂੰ ਜਾਣਨ ਲਈ ਇਨ੍ਹਾਂ ਖਾਨਗਾਹਾਂ 'ਤੇ ਹਾਜ਼ਰੀ ਭਰਦੇ ਸਨ। ਸੂਫ਼ੀ ਦਰਵੇਸ਼ ਵੀ ਸਥਾਨਕ ਲੋੜਾਂ ਮੁਤਾਬਕ ਸਥਾਨਕ ਬੋਲੀ ਵਿਚ ਧਰਮ ਪਰਚਾਰ ਕਰਦੇ ਸਨ ਅਤੇ ਕਾਵਿ ਰਚਨਾਵਾਂ ਕਰਦੇ ਸਨ। ਸਥਾਨਕ ਲੋਕਾਂ ਵਿਚ ਖਿੱਚ ਦਾ ਇਕ ਵਿਸ਼ੇਸ਼ ਕਾਰਨ ਇਨ੍ਹਾਂ ਦਰਗਾਹਾਂ ਉਪਰ ਆਯੋਜਿਤ ਕੀਤੀਆਂ ਜਾਂਦੀਆਂ ਕੱਵਾਲੀਆਂ ਦੀਆਂ ਮਹਿਫ਼ਲਾਂ ਹੁੰਦੀਆਂ ਸਨ, ਜਿਸਦੇ ਅੰਤਰਗਤ ਆਮ ਤੌਰ 'ਤੇ ਸਥਾਨਕ ਬੋਲੀ ਵਿਚ ਰੱਬੀ ਉਸਤਤਿ ਦੇ ਗੀਤ ਵਿਸ਼ੇਸ਼ ਗਾਇਨ ਸ਼ੈਲੀ (ਕੱਵਾਲੀ) ਰਾਹੀਂ ਸ੍ਰੋਤਿਆਂ ਨੂੰ ਸੁਣਾਏ ਜਾਂਦੇ ਸਨ। ਇਹ ਕੱਵਾਲੀਆਂ ਨਿਰਸੰਦੇਹ ਸਮੂਹ ਸ੍ਰੋਤਿਆਂ ਉਪਰ ਤੀਬਰ ਪ੍ਰਭਾਵ ਛੱਡਣ ਦੇ ਸਮਰੱਥ ਹੁੰਦੀਆਂ ਹਨ।

ਚਿਸ਼ਤੀ ਸੰਪਰਦਾ ਵਿਚ ਕੱਵਾਲੀ ਗਾਇਨ ਦੀ ਮਕਬੂਲੀਅਤ ਬਾਰੇ ਅਨੇਕ ਹਵਾਲੇ ਮਿਲਦੇ ਹਨ। ਇਨ੍ਹਾਂ ਵਿਚੋਂ ਭਾਰਤ ਵਿਚ ਚਿਸ਼ਤੀ ਸੂਫ਼ੀ ਸਿਲਸਿਲੇ ਦੇ ਸੰਸਥਾਪਕ ਅਜਮੇਰ ਦੇ ਖਵਾਜ਼ਾ ਹਜ਼ਰਤ ਮੁਇਨੁਦੀਨ ਚਿਸ਼ਤੀ ਦਾ ਨਾਂ ਪ੍ਰਮੁੱਖ ਹੈ। ਉਨ੍ਹਾਂ ਦੀ ਬਾਰਗਾਹ ਤੇ ਅਕਸਰ ਕੱਵਾਲੀ ਗਾਇਨ ਰਾਹੀਂ ਸਿਫ਼ਤ ਕੀਤੀ ਜਾਂਦੀ ਸੀ। 4

ਕੱਵਾਲੀ ਸੰਗੀਤ ਸੁਣਨ ਵਾਲੇ ਦਰਵੇਸ਼ਾਂ ਵਿਚ ਮੁਇਨੁਦੀਨ ਚਿਸ਼ਤੀ ਦੇ ਮੁਰੀਦ ਦਿੱਲੀ ਦੇ ਪ੍ਰਸਿੱਧ ਸੂਫ਼ੀ ਦਰਵੇਸ਼ ਖਵਾਜ਼ਾ ਕੁਤਬੁਦੀਨ ਬਖ਼ਤਿਆਰ ਕਾਕੀ ਜੀ ਦਾ ਨਾਂ ਵਿਸ਼ੇਸ਼ ਤੌਰ ਤੇ ਜ਼ਿਕਰਯੋਗ ਹੈ। ਉਹ ਕੱਵਾਲੀਆਂ ਸੁਣਨ ਦੇ ਇਤਨੇ ਸ਼ੌਕੀਨ ਸਨ ਕਿ ਉਨ੍ਹਾਂ ਦਾ ਦੇਹਾਂਤ ਕੱਵਾਲੀ ਸੁਣਦਿਆਂ ਸੁਣਦਿਆਂ ਹੋਇਆ।[5] ਸ਼ੇਖ਼ ਫ਼ਰੀਦ ਜੀ ਜੋ ਕਿ ਖਵਾਜ਼ਾ ਕੁਤੁਬਦੀਨ ਬਖ਼ਤਿਆਰ ਕਾਕੀ ਦੇ ਸ਼ਾਗਿਰਦ ਸਨ ਉਨ੍ਹਾਂ ਉਪਰ ਅਜਿਹੇ ਸੰਗੀਤਕ ਵਾਤਾਵਰਣ ਦਾ ਅਸਰ ਹੋਣਾ ਸੁਭਾਵਕ ਹੀ ਸੀ।

ਸ਼ੇਖ਼ ਫ਼ਰੀਦ ਜੀ ਦੇ ਜੀਵਨ ਬਿਰਤਾਂਤ, ਬਚਨਾਂ ਅਤੇ ਬਾਣੀ ਤੋਂ ਉਨ੍ਹਾਂ ਦੇ ਸੰਗੀਤ (ਸਮਾਅ) ਪ੍ਰੇਮੀ ਹੋਣ ਦੇ ਸਪੱਸ਼ਟ ਪ੍ਰਮਾਣ ਮਿਲਦੇ ਹਨ। ਰੱਬੀ ਬੰਦਗੀ ਲਈ ਸੰਗੀਤ ਨੂੰ ਇਕ ਵਿਸ਼ੇਸ਼ ਸਾਧਨ ਸਵਿਕਾਰਦਿਆਂ ਸ਼ੇਖ ਫ਼ਰੀਦ ਜੀ ਨੇ ਸਮਾਅ ਨੂੰ 'ਦਿਲ ਦਾ ਚੈਨ' ਆਖਿਆ ਹੈ। ਉਨ੍ਹਾਂ ਅਨੁਸਾਰ ਸਮਾਅ ਪਹਿਲਾਂ ਪਿਆਰਿਆਂ ਦੇ ਦਿਲ ਵਿਚ ਹਰਕਤ ਪੈਦਾ ਕਰਦਾ ਹੈ, ਉਪਰੰਤ ਹੈਰਤ, ਫੇਰ ਜ਼ੌਕ ਅਤੇ ਅੰਤ ਤੇ ਬੇਹੋਸ਼ੀ ਛਾ ਜਾਂਦੀ ਹੈ। ਸੂਫ਼ੀ ਇਸ ਬੇਹੋਸ਼ੀ ਵਿਚ ਅਜਿਹਾ ਗ਼ਰਕ ਹੁੰਦਾ ਹੈ ਕਿ ਕੋਈ ਖ਼ਬਰ ਹੀ ਨਹੀਂ ਰਹਿੰਦੀ।[6]

ਫ਼ਰੀਦ ਜੀ ਦੇ ਭਗਤੀ ਜੋਗ ਵਿਚ ਕਠਿਨ ਤਪੱਸਿਆ ਮਿਲੀ ਹੋਈ ਸੀ ਤੇ ਉਹ ਰੱਬ ਦੀ ਭਗਤੀ ਕਰਦੇ ਹੋਏ ਡੇਲੇ ਤੇ ਪੇਂਝੂ ਖਾ ਕੇ ਸਮਾਂ ਗੁਜ਼ਾਰਦੇ ਸਨ, ਉਥੇ ਉਹ ਰਾਗ ਦੇ ਸ਼ੌਕੀਨ ਵੀ ਸਨ। ਇਕ ਦੋ ਸੰਗੀਤ ਦੇ ਸ਼ੌਕੀਨ ਫ਼ਕੀਰ ਉਨ੍ਹਾਂ ਨਾਲ ਅਜਿਹੇ ਸਨ ਜੋ ਲੋੜ ਪੈਣ ਤੇ ਸਮਾਅ ਦੀ ਮਹਿਫ਼ਲ ਦਾ ਰੰਗ ਬੰਨ੍ਹਦੇ ਤੇ ਰੱਬੀ ਪ੍ਰੇਮ

ਦੇ ਸ਼ਿਅਰ ਗਾ ਕੇ ਉਨ੍ਹਾਂ ਦਾ ਦਿਲ ਖੁਸ਼ ਕਰਦੇ ਸਨ। ਮੁਫ਼ਤੀ ਗ਼ੁਲਾਮ ਸਰਵਰ ਦੇ ਕਥਨ ਅਨੁਸਾਰ ਅਜੋਧਨ ਦਾ ਕਾਜ਼ੀ ਸ਼ਹਾਬੁਦੀਨ, ਜੋ ਇਕ ਕੱਟੜ ਮੁਸਲਮਾਨ ਸੀ, ਫ਼ਰੀਦ ਜੀ ਦੇ ਇਹ ਰਾਗ-ਰੰਗ ਦੇਖ ਕੇ ਬਹੁਤ ਸੜਿਆ। ਜਿਸ ਕਰਕੇ ਪਹਿਲਾਂ ਤਾਂ ਉਸ ਨੇ ਅਜੋਧਨ ਦੇ ਜਾਗੀਰਦਾਰਾਂ ਤੇ ਸਰਕਾਰੀ ਅਫ਼ਸਰਾਂ ਨੂੰ ਫ਼ਰੀਦ ਜੀ ਦੇ ਉਲਟ ਭੜਕਾਇਆ ਕਿ ਦੇਖੋ ਇਹ ਫ਼ਕੀਰ ਗ਼ੈਰ-ਸ਼ਰ੍ਹਾ ਹੈ। ਇਹ ਸਮਾਅ (ਕੀਰਤਨ) ਸੁਣਦਾ ਹੈ ਤੇ ਮਸਤ ਹੋ ਕੇ ਨੱਚਦਾ ਹੈ। ਇਸ ਲਈ ਇਸਨੂੰ ਏਥੋਂ ਕੱਢ ਦੇਣਾ ਚਾਹੀਦਾ ਹੈ.[7] ਪਰੰਤੂ ਜਦੋ ਇਸਦਾ ਕੋਈ ਖ਼ਾਸ ਨਤੀਜਾ ਨਾ ਨਿਕਲਿਆ ਤਾਂ ਕਾਜ਼ੀ ਨੇ ਮੁਲਤਾਨ ਦੇ ਉਲਮਾ ਤੋਂ ਸ਼ੇਖ਼ ਫ਼ਰੀਦ ਦੇ ਵਿਰੁੱਧ ਫ਼ਤਵਾ ਜਾਰੀ ਕਰਵਾਣਾ ਚਾਹਿਆ ਕਿ ''ਇਹ ਫ਼ਕੀਰ ਮਸੀਤ ਵਿਚ ਰਹਿ ਕੇ ਸੰਗੀਤ (ਕੀਰਤਨ) ਸੁਣਦਾ ਹੈ ਅਤੇ ਨਚਦਾ ਹੈ।'' ਪਰੰਤੂ ਉਲਮਾ ਨੂੰ ਜਦੋਂ ਪਤਾ ਲੱਗਾ ਕਿ ਇਹ ਫ਼ਤਵਾ ਫ਼ਰੀਦ ਜੀ ਦੇ ਵਿਰੁੱਧ ਹੈ ਤਾਂ ਉਨ੍ਹਾਂ ਕਾਜ਼ੀ ਨੂੰ ਹੀ ਝਾੜ ਪਾਈ ਕਿ ''ਤੂੰ ਉਸ ਫ਼ਕੀਰ ਦੇ ਵਿਰੁੱਧ ਕਿਹਾ ਹੈ, ਜਿਸ ਵੱਲ ਕੋਈ ਉਂਗਲ ਕਰਨ ਦੀ ਜੁਰੱਅਤ ਨਹੀਂ ਕਰ ਸਕਦਾ।''[8]

ਸਮਾਅ (ਕੀਰਤਨ) ਦੀ ਇਹ ਪਰੰਪਰਾ ਸ਼ੇਖ਼ ਫ਼ਰੀਦ ਜੀ ਦੇ ਉਤਰਾਧਿਕਾਰੀ ਗੱਦੀਦਾਰਾਂ ਨੇ ਵੀ ਜਾਰੀ ਰੱਖੀ। ਇਸ ਗੱਲ ਦਾ ਸਬੂਤ ਗਿਆਨ ਰਤਨਾਵਲੀ ਦੇ ਕਰਤਾ ਭਾਈ ਮਨੀ ਸਿੰਘ ਦੁਆਰਾ ਹਵਾਲਾ ਦਿੱਤਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਸ਼ੇਖ਼ ਬ੍ਰਹਮ ਨੂੰ ਬੇਨਤੀ ਤੇ ਆਸਾ ਦੀ ਵਾਰ ਸੁਣਾਈ ''...ਤਾਂ ਫਿਰ ਸ਼ੇਖ਼ ਬ੍ਰਹਮ ਕਹਿਆ ਕਿ ਜੋ ਜੀ ਢਾਡੀ ਰਾਜਿਓਂ ਕੀ ਵਾਰ ਗਾਵਤੇ ਹੈਂ, ਅਰ ਕਾਇਰਾਂ ਮੇਂ ਭੀ ਉੱਦਮ ਹੋਇ ਆਵਤਾ ਹੈ। ਤੈਸੇ ਹੀ ਜੋ ਮਹਾਰਾਜ ਕੀ ਵਾਰ ਗਾਵਤੇ ਹੈਂ, ਤਾਂ ਮਹਾਰਾਜ ਭੀ ਪ੍ਰਸੰਨ ਹੋਤੇ ਹੈਂ, ਤਿਨੇਂ ਭੀ ਇੰਦਰੀਓਂ ਕੇ ਜੀਤਨੇ ਕਾ ਉੱਦਮ ਹੋਇ ਆਵਤਾ ਹੈ, ਤਾਂ ਤੇ ਤੁਸੀਂ ਭੀ ਮੈਨੂੰ ਕਾਈ ਪਰਮੇਸਰ ਕੀ ਵਾਰ ਸੁਣਾਵੋ, ਤਾਂ ਬਾਬੇ ਕਹਿਆ, ਮਰਦਾਨਿਆ ਕਬੀਰ ਜੀ ਨੇ ਗਉੜੀ ਕੀ ਅਰ ਸਿੱਧੋਂ ਨੇ ਰਾਮਕਲੀ ਕਾ ਰਾਗ ਅੰਗੀਕਾਰ ਕੀਆ ਹੈ। ਅਰ ਹਮਾਰੇ ਸਭ ਹੀ ਰਾਗ ਹੈਂ, ਪਰ ਇਹ ਪੀਰ ਆਸਾਵੰਤੀ ਆਇਆ ਹੈ, ਸੋ ਆਸਾ ਕੇ ਰਾਗ ਕੀ ਵਾਰ ਸੁਣਾਵਹੁ।''[9]

## ਫ਼ਰੀਦ ਬਾਣੀ ਤੇ ਸੰਗੀਤ

ਸਮੁੱਚੀ ਚਰਚਾ ਤੋਂ ਸਪੱਸ਼ਟ ਹੈ ਕਿ ਸ਼ੇਖ਼ ਫ਼ਰੀਦ ਸੂਫ਼ੀ ਸੰਗੀਤ ਪਰੰਪਰਾ ਤੋਂ ਪੂਰੀ ਤਰ੍ਹਾਂ ਪ੍ਰਭਾਵਤ ਸਨ ਅਤੇ ਖ਼ੁਦ ਸੰਗੀਤ ਦੀ ਭਲੀ ਭਾਂਤ ਵਾਕਫ਼ੀਅਤ ਰਖਦੇ ਸਨ। ਸ਼ੇਖ਼ ਫ਼ਰੀਦ ਦੀ ਸੰਗੀਤ ਸੂਝ ਦਾ ਪ੍ਰਮਾਣ ਉਨ੍ਹਾਂ ਦੁਆਰਾ ਰਚਿਤ ਬਾਣੀ, ਵਿਸ਼ੇਸ਼ਕਰ ਉਨ੍ਹਾਂ ਦੁਆਰਾ ਰਚੇ ਗਏ ਚਾਰ ਪਦੇ (ਸ਼ਬਦ) ਹਨ, ਜੋ ਕਿ ਰਾਗ-ਬੱਧ ਕੀਤੇ ਗਏ ਹਨ। ਦੋ ਪਦੇ ਰਾਗ ਆਸਾ ਅਧੀਨ ਅਤੇ ਦੋ ਪਦੇ ਰਾਗ ਸੂਹੀ ਅਧੀਨ ਗਾਏ ਜਾਣ ਦੇ ਸੰਕੇਤ ਕੀਤੇ ਗਏ ਹਨ। ਸੂਹੀ ਰਾਗ ਦੇ ਪਦਿਆਂ ਵਿਚੋਂ ਇਕ ਸ਼ਬਦ (ਪਦਾ) ''ਬੇੜਾ ਬੰਦ ਨ ਸਕਿਓ ਬੰਧਨ ਕੀ ਵੇਲਾ'' ਉਪ ਰਾਗ 'ਸੂਹੀ ਲਲਿਤ' ਅਧੀਨ ਦਰਜ ਹੈ।

ਸ਼ੇਖ ਫ਼ਰੀਦ ਦੀ ਬਾਣੀ ਦੇ ਸੰਗੀਤ ਸ਼ਾਸਤਰੀ ਅਧਿਐਨ ਲਈ ਸਾਨੂੰ ਫ਼ਰੀਦ ਬਾਣੀ ਦੇ ਵਿਭਿੰਨ ਸੰਗੀਤ ਸੰਦਰਭਾਂ ਦਾ ਅਧਿਐਨ ਕਰਨਾ ਲੋੜੀਂਦਾ ਹੈ ਜਿਸਦੇ ਅੰਤਰਗਤ ਫ਼ਰੀਦ ਰਚਿਤ ਪਦਿਆਂ ਦੀ ਸੰਰਚਨਾ ਵਿਚ ਪ੍ਰਯੁਕਤ ਸੰਗੀਤ ਸੰਕੇਤਕ ਪਦਾਂ ਦਾ ਅਧਿਐਨ, ਪਦ ਗਾਇਨ ਦੀਆਂ ਰਵਾਇਤੀ ਵਿਧੀਆਂ, ਮੱਧਕਾਲੀ ਸਰੋਦੀ ਕਾਵਿ ਦੀਆਂ ਗਾਇਨ ਵਿਧੀਆਂ ਅਤੇ ਗੁਰਬਾਣੀ ਸ਼ਬਦ-ਗਾਇਨ ਵਿਧੀ ਨਾਲ ਉਨ੍ਹਾਂ ਵਿਧੀਆਂ ਦਾ ਵਖਰੇਵਾਂ ਤੇ ਵਰਗੇਵਾਂ ਵਾਚਣਾ ਲਾਜ਼ਮੀ ਹੈ।

## ਸ਼ਬਦ ਸੰਰਚਨਾ ਤੇ ਸੰਗੀਤਕ ਸੰਕੇਤ

ਫ਼ਰੀਦ ਬਾਣੀ ਸਬੰਧੀ ਮਹੱਤਵਪੂਰਨ ਨੁਕਤਾ ਇਹ ਹੈ ਕਿ ਇਸ ਬਾਣੀ ਦਾ ਮੂਲ ਪ੍ਰਜੋਜਨ ਕੇਵਲ ਭਾਵ-ਪਰਗਟਾਉ ਨਾ ਹੋ ਕੇ ਇਲਾਹੀ ਬੰਦਗੀ ਦੇ ਸੰਦੇਸ਼ ਦਾ ਸੰਚਾਰ ਕਰਨਾ ਹੈ। ਫ਼ਰੀਦ ਜੀ ਮਨੁੱਖ ਦੇ ਸ਼ਖ਼ਸੀ ਰੂਪਾਂਤਰਣ ਹਿੱਤ ਅਧਿਆਤਮਕ ਸੰਦੇਸ਼ ਸੰਚਾਰਿਤ ਕਰਨ ਦੇ ਮਕਸਦ ਨਾਲ ਜਿਥੇ ਕਾਵਿਕ-ਸੰਚਾਰ-ਜੁਗਤਾਂ ਦੀ ਵੀ ਸੰਜੁਗਤ ਰੂਪ ਵਿਚ ਵਰਤੋਂ ਕਰਦੇ ਹਨ। ਇਥੇ ਕਾਵਿ ਤੇ ਸੰਗੀਤ ਦੀ ਸੁਯੋਗ ਸੰਜੁਗਤੀ ਰਾਹੀਂ ਭਾਵ/ਵਿਚਾਰ ਸੰਚਾਰਨ ਦਾ ਜਤਨ ਕੀਤਾ ਗਿਆ ਹੈ। ਫ਼ਰੀਦ ਬਾਣੀ ਵਿਚ ਵਰਤੇ ਗਏ ਵਿਭਿੰਨ ਸੰਕੇਤਕ ਸ਼ਬਦ ਜਿਵੇਂ ਰਾਗ, ਰਹਾਉ, ਅੰਕ ਆਦਿ ਵੀ ਫ਼ਰੀਦ ਬਾਣੀ ਦੇ ਸੰਗੀਤਕ ਸਿਸਟਮ ਵੱਲ ਸੰਕੇਤ ਕਰਦੇ ਜਾਪਦੇ ਹਨ। ਇਥੇ ਇਨ੍ਹਾਂ ਸਮੂਹ ਸੰਗੀਤਕ ਸੰਕੇਤਾਂ ਦਾ ਅਧਿਐਨ ਫ਼ਰੀਦ ਜੀ ਦੁਆਰਾ ਰਚਿਤ ਨਿਮਨ ਲਿਖਤ ਸ਼ਬਦ ਦੀ ਸੰਰਚਨਾ ਦੇ ਅਧਿਐਨ ਦੇ ਸੰਦਰਭ ਵਿਚ ਕਰਨਾ ਵਧੇਰੇ ਤਰਕ-ਸੰਗਤ ਹੋਵੇਗਾ :

ਰਾਗ ਸੂਹੀ ਬਾਣੀ ਸ਼ੇਖ ਫ਼ਰੀਦ ਜੀ ਕੀ
ਤਪਿ ਤਪਿ ਲੁਹਿ ਲੁਹਿ ਹਾਥ ਮਰੋਰਉ ॥
ਬਾਵਲਿ ਹੋਈ ਸੋ ਸਹੁ ਲੋਰਉ ॥
ਤੈ ਸਹਿ ਮਨ ਮਹਿ ਕੀਆ ਰੋਸੁ ॥
ਮੁਝੁ ਅਵਗਨ ਸਹ ਨਾਹੀ ਦੋਸੁ ॥੧॥
ਤੈ ਸਾਹਿਬ ਕੀ ਮੈ ਸਾਰ ਨ ਜਾਨੀ ॥
ਜੋਬਨ ਖੋਇ ਪਾਛੈ ਪਛੁਤਾਨੀ ॥੧॥ ਰਹਾਉ ॥
ਕਾਲੀ ਕੋਇਲ ਤੂ ਕਿਤ ਗੁਨ ਕਾਲੀ ॥
ਅਪਨੇ ਪ੍ਰੀਤਮ ਕੇ ਹਉ ਬਿਰਹੈ ਜਾਲੀ ॥
ਪਿਰਹਿ ਬਿਹੂਨ ਕਤਹਿ ਸੁਖ ਪਾਏ ॥
ਜਾ ਹੋਇ ਕ੍ਰਿਪਾਲੁ ਤਾ ਪ੍ਰਭੂ ਮਿਲਾਏ ॥੨॥
ਵਿਧਣ ਖੂਹੀ ਮੁੰਧ ਇਕੇਲੀ ॥
ਨਾ ਕੋ ਸਾਥੀ ਨਾ ਕੋ ਬੇਲੀ ॥
ਕਰਿ ਕਿਰਪਾ ਪ੍ਰਭਿ ਸਾਧ ਸੰਗਿ ਮੇਲੀ ॥
ਜਾ ਫਿਰ ਦੇਖਾ ਤਾ ਮੇਰਾ ਅਲਹੁ ਬੇਲੀ ॥੩॥
ਵਾਟ ਹਮਾਰੀ ਖਰੀ ਉਡੀਣੀ ॥
ਖੰਨਿਅਹੁ ਤਿਖੀ ਬਹੁਤੁ ਪਇਈਣੀ ॥
ਉਸੁ ਉਪਰਿ ਹੈ ਮਾਰਗੁ ਮੇਰਾ ॥
ਸੇਖ ਫਰੀਦਾ ਪੰਥ ਸਮ੍ਹਾਰਿ ਸਵੇਰਾ ॥੪॥

(ਗੁ: ਗ੍ਰੰ:, ਪੰਨਾ ੭੯੪)

ਰਾਗ: ਇਸ ਸ਼ਬਦ ਦੀ ਸੰਰਚਨਾ ਦੀ ਪ੍ਰਥਮ ਇਕਾਈ ਇਸਦਾ ਸਿਰਲੇਖ ਹੈ। ਇਥੇ 'ਰਾਗ ਸੂਹੀ' ਅੰਕਿਤ ਕੀਤੇ ਜਾਣਾ ਇਸ ਗੱਲ ਦਾ ਸੂਚਕ ਹੈ ਕਿ ਇਸ ਸ਼ਬਦ ਦਾ ਗਾਇਨ ਸੂਹੀ ਰਾਗ ਵਿਚ ਕੀਤੇ ਜਾਣਾ ਚਾਹੀਦਾ ਹੈ। ਇਥੇ ਸੂਹੀ ਰਾਗ ਦਾ ਹੀ ਨਿਰਧਾਰਨ ਕੀਤੇ ਜਾਣਾ ਕੋਈ ਸਰਸਰੀ ਗੱਲ ਨਹੀਂ ਸਗੋਂ ਸ਼ਬਦ ਦੀ ਭਾਵ ਪ੍ਰਕਿਰਤੀ ਅਤੇ ਰਾਗ ਦੀ ਭਾਵ ਪ੍ਰਕਿਰਤੀ ਦੀ ਸੁਮੇਲਤਾ ਨੂੰ ਧਿਆਨ ਵਿਰ ਰੱਖ ਕੇ ਹੀ ਰਾਗ ਦੀ ਚੋਣ ਕੀਤੀ ਗਈ ਹੈ। ਸੂਹੀ ਰਾਗ ਸੂਫ਼ੀਆਂ ਦਾ ਪਿਆਰਾ ਰਾਗ ਹੈ, ਸੂਹੀ ਤੇ ਸੁਹਾਗਣ ਦਾ ਇਥੇ ਵਰਨਣ ਹੈ। ਫ਼ਰੀਦ ਜੀ ਇਸ ਰਾਗ ਦਾ ਪ੍ਰਯੋਗ ਵਿਜੋਗ ਸ਼ਿੰਗਾਰ ਦੇ ਭਾਵਾਂ ਦੇ ਸੰਚਾਰ ਲਈ ਕਰ ਰਹੇ ਹਨ ਨਾਲ ਹੀ ਕਿਤੇ ਕਿਤੇ ਕਰੁਣਾ ਦੀ ਹੂਕ ਵੀ ਮੌਜੂਦ ਹੈ। ਨਿਰਸੰਦੇਹ ਸ਼ਬਦ ਅਤੇ ਰਾਗ ਦੀ ਭਾਵਮੂਲਕ ਸਾਂਝ ਤੇ ਸੰਜੁਗਤੀ ਰਾਹੀਂ ਪ੍ਰਭਾਵਮਈ ਢੰਗ ਨਾਲ ਭਾਵ ਸੰਚਾਰਨ ਸੰਭਵ ਹੋ ਸਕਿਆ ਹੈ।

ਰਹਾਉ: ਇਸ ਸ਼ਬਦ ਦੇ ਚਾਰ ਪਦੇ ਹਨ। ਪਦੇ ਦੇ ਅੰਤ ਵਿਚ ੧, ੨, ੩, ੪ ਅੰਕ ਦਿੱਤੇ ਗਏ ਹਨ। ਪਹਿਲੇ ਪਦੇ ਤੋਂ ਬਾਅਦ ਇਕ ਵਿਸ਼ੇਸ਼ ਪਦੇ ਦੇ ਅੰਤ 'ਤੇ 'ਰਹਾਉ' ਸੰਕੇਤ ਦਿੱਤਾ ਗਿਆ ਹੈ। 'ਰਹਾਉ' ਸੰਕੇਤ ਇਸ ਗੱਲ ਦਾ ਸੂਚਕ ਹੈ ਕਿ ਇਹ ਤੁਕ ਸਮੁੱਚੇ ਸ਼ਬਦ ਦੀ ਕੇਂਦਰੀ ਤੁਕ ਹੈ। ਇਸ ਵਿਚ ਸ਼ਬਦ ਦਾ ਕੇਂਦਰੀ ਭਾਵ ਨਿਹਿਤ ਹੈ ਅਤੇ ਇਸੇ ਭਾਵ ਨੂੰ ਦ੍ਰਿੜ ਕਰਵਾਣਾ ਕਵੀ ਦਾ ਮੂਲ ਮਨੋਰਥ ਹੈ। ਇਸ ਮਕਸਦ ਲਈ ਸ਼ਬਦ ਗਾਇਨ ਸਮੇਂ 'ਰਹਾਉ' ਵਾਲੀ ਤੁਕ ਨੂੰ ਸਥਾਈ ਜਾਂ ਟੇਕ ਵਜੋਂ ਗ੍ਰਹਿਣ ਕਰਦਿਆਂ ਮੁੜ ਮੁੜ ਦੁਹਰਾਇਆ ਜਾਂਦਾ ਹੈ।

ਅੰਕ : ਅੰਕ ਵਾਲੇ ਪਦਿਆਂ ਨੂੰ ਸਥਾਈ ਉਪਰੰਤ ਅੰਤਰੇ ਵਜੋਂ ਗਾਇਆ ਜਾਂਦਾ ਹੈ। ਰਹਾਉ ਵਾਲੀ ਸਥਾਈ ਦੀ ਤੁਕ ਉਪਰੰਤ ਅੰਤਰੇ ਵਾਲੀ ਅੰਕ 'ਇਕ' ਦੀ ਤੁਕ ਗਾਈ ਜਾਵੇਗੀ ਅਤੇ ਮੁੜ ਸਥਾਈ ਤੇ ਪਰਤਦਿਆਂ 'ਰਹਾਉ' ਦੀ ਤੁਕ ਦਾ ਗਾਇਨ ਕੀਤਾ ਜਾਵੇਗਾ। ਇਸ ਉਪਰੰਤ ਅੰਕ ੨, ੩, ੪ ਦੇ ਬੰਦਾਂ ਦਾ ਵੀ ਇਸੇ ਵਿਧੀ ਅਨੁਸਾਰ ਗਾਇਨ ਕੀਤਾ ਜਾਵੇਗਾ। ਇਸ ਤਰ੍ਹਾਂ ਅੰਤਰੇ ਦੀਆਂ ਤੁਕਾਂ ਤੋਂ ਸਥਾਈ ਵੱਲ ਪਰਤਦਿਆਂ ਬਾਰ ਬਾਰ 'ਰਹਾਉ' ਦੀ ਤੁਕ ਦੁਹਰਾਉਣ ਦੀ ਪ੍ਰਕਿਰਿਆ ਸ਼ਬਦ ਦੇ ਭਾਵ ਨੂੰ ਸ੍ਰੋਤਾ ਤੱਕ ਸੰਚਾਰਿਤ ਕਰਨ ਅਤੇ ਮਨ ਵਿਚ ਦ੍ਰਿੜ੍ਹ ਕਰਨ ਵਿਚ ਸਹਾਇਕ ਸਿੱਧ ਹੁੰਦੀ ਹੈ।

ਸਪੱਸ਼ਟ ਹੈ ਕਿ ਫ਼ਰੀਦ ਬਾਣੀ ਦੇ ਸ਼ਬਦਾਂ/ਪਦਿਆਂ ਦੀ ਸੰਰਚਨਾਤਮਕ ਬਣਤਰ ਨਿਰਸੰਦੇਹ ਫ਼ਰੀਦ ਬਾਣੀ ਦੀ ਪਦਾ ਸੰਰਚਨਾ ਸ਼ਬਦ ਅਤੇ ਸੰਗੀਤ ਦੀ ਸੁਮੇਲਤਾ ਨੂੰ ਪ੍ਰਮਾਣਿਤ ਕਰਦੀ ਹੈ। ਫ਼ਰੀਦ ਜੀ ਦੁਆਰਾ ਰਚਿਤ ਸਾਰੇ ਸ਼ਬਦ ਇਸੇ ਸੰਰਚਨਾਤਮਕ ਪ੍ਰਬੰਧ ਦੇ ਧਾਰਨੀ ਹਨ। ਇਨ੍ਹਾਂ ਸਾਰੇ ਸ਼ਬਦਾਂ ਵਿਚ ਰਾਗ, ਰਹਾਉ, ਅੰਕ ਆਦਿ ਸੰਕੇਤਕ ਪਦ ਬਾਕਾਇਦਾ ਦਰਜ ਹਨ, ਜੋ ਇਨ੍ਹਾਂ ਪਦਿਆਂ ਦੀ ਵਿਸ਼ਿਸ਼ਟ ਗਾਇਨ-ਵਿਧੀ ਦੇ ਸੂਚਕ ਹਨ।

ਬਾਣੀ ਅਧੀਨ ਰਾਗ, ਰਹਾਉ, ਅੰਕ ਆਦਿ ਸੰਗੀਤ ਦੀਆਂ ਉਹ ਸੰਚਾਰਕ ਜੁਗਤਾਂ ਹਨ ਜੋ ਸਾਂਝੇ ਤੇ ਸੰਮਿਲਤ ਰੂਪ ਵਿਚ ਕਾਰਜ ਕਰਦੀਆਂ ਹਨ। ਜਿਵੇਂ ਕਿ ਪਿੱਛੇ ਦੱਸਿਆ ਜਾ ਚੁੱਕਾ ਹੈ ਕਿ ਫ਼ਰੀਦ ਜੀ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਦੇ ਦੋ ਮੁੱਖ ਰਾਗਾਂ ਵਿਚ ਦਰਜ ਹੈ : ਰਾਗ ਆਸਾ ਅਤੇ ਸੂਹੀ। ਸੂਹੀ ਰਾਗ ਵਿਚ ਇਕ ਸ਼ਬਦ 'ਸੂਹੀ ਲਲਿਤ' ਨਾਮਕ ਮਿਸ਼ਰਤ ਰਾਗ ਵਿਚ ਦਰਜ ਹੈ। ਇਸ ਤਰ੍ਹਾਂ ਫ਼ਰੀਦ ਬਾਣੀ ਦੇ ਤਿੰਨ ਰਾਗਾਂ ਵਿਚ ਗਾਇਨ ਕਰਨ ਦੀ ਪ੍ਰਥਾ ਚਲੀ ਆ ਰਹੀ ਹੈ।

ਆਸਾ ਰਾਗ ਪੰਜਾਬ ਦੇ ਇਲਾਕੇ ਦਾ ਵਿਸ਼ੇਸ਼ ਰਾਗ ਹੈ। ਪੰਜਾਬ ਦੀ ਲੋਕ-ਕਾਵਿ ਅਤੇ ਲੋਕ-ਸੰਗੀਤ

ਪਰੰਪਰਾ ਵਿਚ ਟੁੰਡੇ ਅਸਰਾਜੇ ਦੀ ਵਾਰ ਦਾ ਗਾਇਨ ਆਸਾ ਰਾਗ ਵਿਚ ਹੁੰਦਾ ਰਿਹਾ ਹੈ।[10] ਗੁਰੂ ਨਾਨਕ ਦੇਵ ਜੀ ਨੇ ਆਸਾ ਦੀ ਵਾਰ ਦਾ ਗਾਇਨ ਇਸੇ ਰਾਗ ਵਿਚ ਕੀਤਾ। ਸ਼ੇਖ਼ ਫ਼ਰੀਦ ਜੀ ਦਾ ਵੀ ਇਹ ਪਿਆਰਾ ਰਾਗ ਰਿਹਾ ਹੋਵੇਗਾ। ਉਨ੍ਹਾਂ ਦੇ ਦੋ ਪਦੇ ਇਸ ਰਾਗ ਵਿਚ ਹਨ। ਇਸ ਰਾਗ ਦਾ ਗਾਇਨ ਸ਼ੇਖ਼ ਫ਼ਰੀਦ ਜੀ ਦੇ ਗੱਦੀਦਾਰਾਂ ਵਿਚ ਵੀ ਹੁੰਦਾ ਰਿਹਾ ਹੈ। ਇਸੇ ਲਈ ਗੁਰੂ ਨਾਨਕ ਦੇਵ ਜੀ ਨਾਲ ਮਿਲਣ ਸਮੇਂ ਸ਼ੇਖ਼ ਬ੍ਰਹਮ ਆਸਾ ਦੀ ਵਾਰ ਸੁਣਦਾ ਹੈ।[11] ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ੇਖ਼ ਫ਼ਰੀਦ ਜੀ ਦੇ ਦੋ ਪਦੇ ਆਸਾ ਰਾਗ ਵਿਚ ਹੀ ਹਨ।

1. ਦਿਲਹੁ ਮੁਹਬਤਿ ਜਿੰਨ੍ ਸੇਈ ਸਚਿਆ ॥<br>
ਜਿਨ੍ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ ॥੧॥

2. ਬੋਲੈ ਸੇਖ ਫਰੀਦੁ ਪਿਆਰੇ ਅਲਹ ਲਗੇ ॥<br>
ਇਹੁ ਤਨੁ ਹੋਸੀ ਖਾਕੁ ਨਿਮਾਣੀ ਗੋਰ ਘਰੇ ॥੧॥

(ਗੁ. ਗ੍ਰੰ., ਪੰਨਾ ੪੮੮)

ਇਸ ਲਈ ਜਾਪਦਾ ਹੈ ਕਿ ਆਸਾ ਰਾਗ ਫ਼ਰੀਦ ਜੀ ਦੇ ਸਿਲਸਿਲੇ ਵਿਚ ਕਾਫ਼ੀ ਹਰਮਨ ਪਿਆਰਾ ਰਿਹਾ ਹੈ।

ਆਸਾ ਰਾਗ ਦਾ ਗਾਇਨਾਤਮਕ ਸਰੂਪ ਇਸ ਪ੍ਰਕਾਰ ਹੈ:<br>
ਥਾਟ : ਬਿਲਾਵਲ, ਜਾਤੀ : ਔੜਵ-ਸੰਪੂਰਨ, ਸਮਾਂ ਸਵੇਰ ਅਤੇ ਸ਼ਾਮ,<br>
ਵਾਦੀ : ਮਧਿਅਮ, ਸੰਵਾਦੀ ਸ਼ੜਜ।<br>
ਆਰੋਹ : ਸ ਰੇ ਮ ਪ ਧ ਸਂ<br>
ਅਵਰੋਹ : ਸਂ ਨੀ ਧ ਪ, ਮ, ਗ ਰੇ ਸਾ ਗ ਰੇ ਗ ਸ [12]

ਪ੍ਰੋ ਤਾਰਾ ਸਿੰਘ[13] ਜੀ ਨੇ ਆਪਣੀ ਪੁਸਤਕ ਭਗਤ ਰਾਗ ਰਤਨਾਵਲੀ ਵਿਚ ਸ਼ੇਖ਼ ਫ਼ਰੀਦ ਜੀ ਦੇ ਆਸਾ ਰਾਗ ਵਿਚ ਦਰਜ ਪਦੇ 'ਦਿਲਹੁ ਮੁਹਬਤ ਜਿਨ ਸੇਈ ਸਚਿਆ'[14] ਦੀ ਸੁਰਲਿਪੀ ਇਕ ਤਾਲ ਵਿਚ ਅੰਕਿਤ ਕੀਤੀ ਹੈ। ਆਸਾ ਰਾਗ ਦੇ ਦੂਜੇ ਪਦੇ 'ਬੋਲੈ ਸੇਖ ਫਰੀਦ'[15] ਦਾ ਗਾਇਨ ਵੀ ਆਮ ਗੁਰਮਤਿ ਸਮਾਗਮ ਖ਼ਾਸ ਕਰਕੇ ਮ੍ਰਿਤਕ ਵਿਅਕਤੀ ਦੇ ਭੋਗ ਸਮਾਗਮਾਂ 'ਤੇ ਕੀਤਾ ਜਾਂਦਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਫ਼ਰੀਦ ਬਾਣੀ ਦੇ ਦੋ ਸ਼ਬਦ ਰਾਗ ਸੂਹੀ ਅਧੀਨ ਅੰਕਿਤ ਹਨ। ਇਨ੍ਹਾਂ ਵਿਚੋਂ ਇਕ ਸ਼ਬਦ ਸ਼ੁੱਧ ਰਾਗ ਸੂਹੀ [16] ਵਿਚ ਹੈ ਜਦੋਂ ਕਿ ਦੂਸਰਾ ਸ਼ਬਦ ਸੂਹੀ ਦੇ ਰਾਗ ਪ੍ਰਕਾਰ ਵਜੋਂ ਸੂਹੀ ਲਲਿਤ[17] ਅਧੀਨ ਅੰਕਿਤ ਹੈ।

ਤਪਿ ਤਪਿ ਲੁਹਿ ਲੁਹਿ ਹਾਥ ਮਰੋਰਉ ॥<br>
ਬਾਵਲਿ ਹੋਈ ਸੋ ਸਹੁ ਲੋਰਉ ॥<br>
ਤੈ ਸਹਿ ਮਨ ਮਹਿ ਕੀਆ ਰੋਸੁ ॥<br>
ਮੁਝੁ ਅਵਗਨ ਸਹ ਨਾਹੀ ਦੋਸੁ ॥੧॥

(ਰਾਗ ਸੂਹੀ, ਗੁ.ਗ੍ਰੰ: ਪੰਨਾ ੭੯੪)

ਬੇੜਾ ਬੰਧਿ ਨ ਸਕਿਓ ਬੰਧਨ ਕੀ ਵੇਲਾ ॥

ਭਰਿ ਸਰਵਰੁ ਜਬ ਊਛਲੈ ਤਬ ਤਰਣੁ ਦੁਹੇਲਾ ॥੧॥

(ਰਾਗ ਸੂਹੀ ਲਲਿਤ, ਗੁ. ਗ੍ਰੰ., ਪੰਨਾ ੭੯੪)

ਭਾਰਤੀ ਸੰਗੀਤ ਪਰੰਪਰਾ ਵਿਚ ਸੂਹੀ ਅਤੇ ਲਲਿਤ ਦੋ ਵੱਖਰੇ-ਵੱਖਰੇ ਰਾਗ ਹਨ ਪਰ ਗੁਰਮਤਿ ਸੰਗੀਤ ਦੀ ਮੌਲਿਕ ਪਰੰਪਰਾ ਵਿਚ ਦੋ ਰਾਗਾਂ ਦਾ ਮਿਸ਼ਰਨ ਕਰਕੇ ਨਵਾਂ ਰਾਗ ਸਿਰਜਣ ਦੀ ਪ੍ਰਥਾ ਦਾ ਉਲੇਖ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਇਸ ਪ੍ਰਥਾ ਅਧੀਨ ਜਿਥੇ ਗੁਰੂ ਗ੍ਰੰਥ ਸਾਹਿਬ ਦੇ 31 ਮੁੱਖ ਰਾਗ ਹਨ ਉਥੇ ਲਗਭਗ 31 ਹੋਰ ਰਾਗ ਮਿਸ਼ਰਤ ਰਾਗਾਂ ਦੇ ਰੂਪ ਵਿਚ ਪ੍ਰਚੱਲਤ ਹੋਏ ਹਨ।

ਗੁਰੂ ਗ੍ਰੰਥ ਸਾਹਿਬ ਵਿਚ ਸੂਹੀ ਰਾਗ ਅਧੀਨ ਗੁਰੂ ਨਾਨਕ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਜੀ, ਭਗਤ ਕਬੀਰ ਜੀ, ਭਗਤ ਰਵਿਦਾਸ ਜੀ ਅਤੇ ਸ਼ੇਖ਼ ਫ਼ਰੀਦ ਜੀ ਦੀ ਬਾਣੀ ਦਰਜ ਹੋਈ ਹੈ। ਸਿੱਖ ਰੀਤੀ ਨਾਲ ਕੀਤੇ ਜਾਂਦੇ ਵਿਆਹ ਅਰਥਾਤ ਅਨੰਦ ਕਾਰਜ ਸਮੇਂ ਗਾਇਨ ਕੀਤੀਆਂ ਜਾਦੀਆਂ ਲਾਵਾਂ[18] ਇਸੇ ਰਾਗ ਵਿਚ ਦਰਜ ਹਨ। 'ਲਾਵਾਂ' ਪੰਜਾਬੀ ਕਾਵਿ-ਰੂਪ ਵੀ ਹੈ। ਸੂਹੀ ਰਾਗ ਵਿਚ ਲਾਵਾਂ ਦਾ ਦਰਜ ਹੋਣਾ ਇਸ ਗੱਲ ਦਾ ਪ੍ਰਮਾਣ ਹੈ ਕਿ ਇਸ ਰਾਗ ਦੀਆਂ ਸੁਰਾਵਲੀਆਂ ਪੰਜਾਬ ਦੀ ਧਰਤੀ ਤੇ ਆਦਿ ਕਾਲ ਤੋਂ ਗੂੰਜ ਰਹੀਆਂ ਹਨ। ਇਸ ਰਾਗ ਦਾ ਵਰਤਮਾਨ ਪ੍ਰਵਾਣਿਤ ਸਰੂਪ ਇਸ ਤਰ੍ਹਾਂ ਹੈ:

ਥਾਟ : ਬਿਲਾਵਲ, ਜਾਤੀ : ਸੰਪੂਰਨ-ਸੰਪੂਰਨ, ਵਾਦੀ: ਪੰਚਮ, ਸੰਵਾਦੀ: ਸ਼ਡਜ, ਸ਼ਾਮ ਦਾ ਦੂਜਾ ਪਹਿਰ।

ਆਰੋਹ : ਸ ਰੇ ਗ ਮ ਪ, ਨੀ ਧ ਨੀ ਸਂ

ਅਵਰੋਹ : ਸਂ ਨੀ ਧ ਪ, ਮ ਗ ਰੇ, ਗ ਰੇ ਸ

ਮੁੱਖ ਅੰਗ : ਗ ਮ ਗ ਰੇ, ਗ ਮ ਨੀ ਧ ਪ, ਪ ਮ ਗ, ਮ ਗ, ਰੇ ਗ ਰੇ ਸ

ਸ੍ਰ. ਹਰਮੰਦਰ ਸਿੰਘ ਨੇ ਆਪਣੀ ਪੁਸਤਕ ਗੁਰਮਤਿ ਸੰਗੀਤ (ਭਾਗ ਪਹਿਲਾ) ਵਿਚ ਸ਼ੇਖ਼ ਫ਼ਰੀਦ ਜੀ ਦੇ ਪਦੇ 'ਤਪ ਤਪ ਲੁਹਿ ਲੁਹਿ ਹਾਥ ਮਰੋਰਉ' ਦੀ ਸੁਰਲਿਪੀ ਏਕ ਤਾਲ ਵਿਚ ਅੰਕਤ ਕੀਤੀ ਹੈ।[19]

ਸੂਹੀ ਲਲਿਤ ਰਾਗ ਅਧੀਨ ਕਬੀਰ ਜੀ ਅਤੇ ਫ਼ਰੀਦ ਜੀ ਦੀਆਂ ਰਚਨਾਵਾਂ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ। ਇਨ੍ਹਾਂ ਉਪਰ ਦਿੱਤੇ ਸਿਰਲੇਖ ਵਿਲੱਖਣ ਹਨ:

1. ਸੂਹੀ ਕਬੀਰ ਜੀਉ ਲਲਿਤ[20]
2. ਸੂਹੀ ਲਲਿਤ ਕਬੀਰ ਜੀਓ[21]
3. ਸੂਹੀ ਲਲਿਤ[22] (ਸ਼ੇਖ਼ ਫ਼ਰੀਦ)

ਸੂਹੀ ਲਲਿਤ ਰਾਗ ਦੇ ਸਰੂਪ ਬਾਰੇ ਵਾਦ-ਵਿਵਾਦ ਰਿਹਾ ਹੈ। ਫਿਰ ਵੀ ਅੱਜ ਕੱਲ੍ਹ ਪ੍ਰਚੱਲਤ ਸਰੂਪ[23] ਨਿਮਨਲਿਖਤ ਹੈ :

ਜਾਤੀ : ਸੰਪੂਰਨ-ਸ਼ਾਡਵ, ਵਾਦੀ: ਮਧਿਅਮ, ਸੰਵਾਦੀ: ਸ਼ਡਜ, ਸਮਾਂ: ਦਿਨ ਦਾ ਦੂਜਾ ਪਹਿਰ।

ਆਰੋਹ : ਸ ਰੇ ਗ ਮ ਪ, ਨੀ ਧਾ ਨੀ ਸਾਂ

ਅਵਰੋਹ : ਸਂ ਰੇਂ ਨੀ ਧੁ ਮ ਧੁ ਮ ਮ ਗ, ਮ ਗ ਰੇ ਸ

ਮੁੱਖ ਅੰਗ: ਪ ਨੀ ਧ, ਨੀ ਸਂ, ਰੇਂ ਨੀ ਧੁ, ਮ ਗ ਮ, ਮ ਗ ਰੇ ਸਂ

ਉਸਤਾਦ ਸ਼ਾਮ ਸਿੰਘ ਨੇ ਆਪਣੀ ਪੁਸਤਕ ਈਸ਼ਰ ਸੰਗੀਤ ਸਾਗਰ ਵਿਚ ਫ਼ਰੀਦ ਜੀ ਦੇ ਰਾਗ ਸੂਹੀ ਲਲਿਤ ਵਿਚ ਦਰਜ ਪਦੇ ਦੀ ਸੁਰਲਿਪੀ ਯੱਕਾ ਤਾਲ ਵਿਚ ਅੰਕਤ ਕੀਤੀ ਹੈ।[24]

ਉਕਤ ਵਿਸ਼ਲੇਸ਼ਣ ਤੋਂ ਪ੍ਰਤੱਖ ਹੈ ਕਿ ਫ਼ਰੀਦ ਬਾਣੀ ਸੂਫ਼ੀ ਸੰਗੀਤ ਹਿੰਦੁਸਤਾਨੀ ਸੰਗੀਤ ਦੇ ਸਮੁੱਚ ਦੇ ਧਾਰਤਲ ਸਸ਼ੋਭਿਤ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਬਾਣੀ ਦੇ ਪ੍ਰਮਾਣਿਕ ਰੂਪ ਵਿਚ ਦਰਜ ਹੋਣ ਨਾਲ ਇਸਨੂੰ ਸੰਗੀਤਕ ਪੱਖੋਂ ਗੁਰਮਤਿ ਸੰਗੀਤ ਪ੍ਰਬੰਧ ਦਾ ਅਨੁਸਾਰੀ ਬਣਾਇਆ ਗਿਆ। ਪਦੇ ਦੇ ਸ਼ਬਦ ਕੀਰਤਨ ਲਈ ਵਿਸ਼ੇਸ਼ ਸ਼ਬਦ ਕੀਰਤਨ ਅੰਗ ਨੇ ਇਸਨੂੰ ਵਿਲੱਖਣਤਾ ਪ੍ਰਦਾਨ ਕੀਤੀ ਹੈ। ਗੁਰਬਾਣੀ ਦੇ ਅੰਤਰਗਤ ਵੀ ਫ਼ਰੀਦ ਬਾਣੀ ਦੀ ਇਕ ਨਿਵੇਕਲੀ ਪਛਾਣ ਇਸਦੀ ਵਿਸ਼ਿਸ਼ਟ ਸੰਗੀਤਕ ਪਿੱਠ-ਭੂਮੀ 'ਚੋਂ ਉਜਾਗਰ ਹੋ ਰਹੀ ਹੈ।

ਹਵਾਲੇ ਅਤੇ ਟਿੱਪਣੀਆਂ


1. ਸਾਧੂ ਰਾਮ ਸ਼ਾਰਦਾ, ਸੂਫ਼ੀਮਤ ਅਤੇ ਪੰਜਾਬੀ ਸੂਫ਼ੀ ਸਾਹਿਤ, ਪੰਨਾ 70
2. ਪੰਜਾਬੀ ਸੂਫ਼ੀ ਸਾਹਿਤ ਸੰਦਰਭ ਕੋਸ਼, ਪੰਨਾ 77
3. ਉਹੀ, ਪੰਨਾ 77
4. ਗੀਤਾ ਪੈਂਤਲ, ਪੰਜਾਬ ਕੀ ਸੰਗੀਤ ਪਰੰਪਰਾ, ਪੰਨਾ 25
5. ਆਚਾਰੀਆ ਬ੍ਰਿਹਸਪਤੀ, ਸੰਗੀਤ ਚਿੰਤਾਮਣੀ, ਪੰਨਾ 361
6. ਪ੍ਰੋ. ਉਜਾਗਰ ਸਿੰਘ, ''ਫ਼ਰੀਦ ਤੇ ਸੂਫ਼ੀ ਮੱਤ'', ਪੰਜਾਬੀ ਦੁਨੀਆਂ (ਫ਼ਰੀਦ ਅੰਕ), ਪੰਨਾ 198
7. ਸ਼ਮਸ਼ੇਰ ਸਿੰਘ ਅਸ਼ੋਕ, ''ਸ਼ੇਖ਼ ਫ਼ਰੀਦ : ਜੀਵਨ ਤੇ ਰਚਨਾ'', ਪੰਜਾਬੀ ਦੁਨੀਆਂ (ਫ਼ਰੀਦ ਅੰਕ), ਪੰਨਾ 29
8. Khaliq Ahmed Nazami, The Life and Times of Sheikh Farid-ud-din Ganj-Shakar, p 37.
9. ਰਣਜੀਤ ਸਿੰਘ ਖੜਗ, ''ਦਰਵੇਸ਼ ਫ਼ਰੀਦ ਤੇ ਉਹਦੀ ਰਚਨਾ'', ਪੰਜਾਬੀ ਦੁਨੀਆਂ (ਫ਼ਰੀਦ ਅੰਕ), ਪੰਨਾ 22
10. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੪੬੨
11. ਹਵਾਲਾ ਸ਼ਮਸ਼ੇਰ ਸਿੰਘ ਅਸ਼ੋਕ, 'ਸ਼ੇਖ਼ ਫ਼ਰੀਦ : ਜੀਵਨ ਤੇ ਰਚਨਾ', ਪੰਜਾਬੀ ਦੁਨੀਆਂ (ਫ਼ਰੀਦ ਅੰਕ), ਪੰਨਾ 22
12. ਗੁਰਨਾਮ ਸਿੰਘ (ਡਾ.), ਗੁਰਮਤਿ ਸੰਗੀਤ : ਪ੍ਰਬੰਧ ਤੇ ਪਾਸਾਰ, ਪੰਨਾ 96
13. ਤਾਰਾ ਸਿੰਘ ਪ੍ਰੋ., ਭਗਤ ਰਾਗ ਰਤਨਾਵਲੀ, ਪੰਨਾ 131
14. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੪੮੮
15. ਉਹੀ, ਪੰਨਾ ੪੮੮
16. ਉਹੀ, ਪੰਨਾ ੭੯੪
17. ਉਹੀ।
18. ਉਹੀ, ਪੰਨਾ 773
19. ਹਰਮੰਦਰ ਸਿੰਘ, ਗੁਰਮਤਿ ਸੰਗੀਤ (ਭਾਗ ਪਹਿਲਾ), ਪੰਨਾ 58
20. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 793
21. ਉਹੀ, ਪੰਨਾ 793
22. ਉਹੀ, ਪੰਨਾ 794
23. ਸਿਮ੍ਰਤੀ ਗ੍ਰੰਥ, ਅਦੁੱਤੀ ਗੁਰਮਤਿ ਸੰਗੀਤ ਸੰਮੇਲਨ, 1991
24. ਸ਼ਾਮ ਸਿੰਘ ਉਸਤਾਦ, ਈਸ਼ਰ ਸੰਗੀਤ ਸਾਗਰ, ਪੰਨਾ 61

# ਤਿੰਨ ਤਾਲ : ਕਾਇਦਾ ਸੀਰੀਜ਼

## ਪ੍ਰੋਫ਼ੈਸਰ ਹਰਭਜਨ ਸਿੰਘ ਧਾਰੀਵਾਲ

(ਲਾਹੌਰ ਬਾਜ, ਪੰਜਾਬ ਘਰਾਣਾ)

ਅੰਮ੍ਰਿਤ ਕੀਰਤਨ ਮਹੀਨਾਵਾਰ ਮੈਗਜ਼ੀਨ ਦੇ ਆਨਰੇਰੀ ਸੰਪਾਦਕ ਡਾ. ਜਗੀਰ ਸਿੰਘ ਦਾ ਦਾਸ ਤਹਿ ਦਿਲੋਂ ਸ਼ੁਕਰਾਨਾ ਕਰਦਾ ਹੈ ਜਿੰਨ੍ਹਾਂ ਦੀ ਪ੍ਰੇਰਨਾ ਸਦਕਾ 'ਤਿੰਨ ਤਾਲ ਕਾਇਦਾ ਸੀਰੀਜ਼' ਸਿਰਲੇਖ ਅਧੀਨ ਲੜੀਵਾਰ ਅਕਤੂਬਰ 2021 ਤੋਂ ਤਿੰਨ ਤਾਲ ਦੇ ਛੋਟੀ ਬਹਿਰ ਦੇ ਕਾਇਦੇ ਈਜ਼ਾਫ਼ੇ ਅਤੇ ਮੁਕਾਮ ਸਮੇਤ ਸਿੱਲਸਿਲੇ ਨਾਲ ਦੇ ਰਿਹਾਂ ਹਾਂ। ਦਿਸੰਬਰ ਮਹੀਨੇ ਵਿੱਚ ਤਿੰਨ ਤਾਲ ਦਾ ਕਾਇਦਾ ਨੰ: 03 ਤਬਲਾ ਸਿੱਖਿਆਰਥੀਆਂ ਲਈ ਲੈ ਕੇ ਆਇਆ ਹਾਂ। ਇਸ ਕਾਇਦੇ ਦੇ ਨਿਕਾਸ ਅਤੇ ਹੋਰ ਜਾਣਕਾਰੀ ਲਈ ਸਿੱਖਿਆਰਥੀ ਮੈਨੂੰ ਫੋਨ ਕਰ ਸਕਦੇ ਹਨ ਕਿਉਂ ਕਿ ਕਾਇਦੇ ਵਿੱਚ ਚਲ ਅਤੇ ਅਚਲ ਬੋਲ ਹਨ। ਕੁੱਝ ਬੋਲਾਂ ਦੇ ਨਿਕਾਸ ਬਦਲਦੇ ਰਹਿੰਦੇ ਹਨ, ਇਹ ਕਿਉਂ ਅਤੇ ਕਦੋ ਬਦਲਦੇ ਹਨ ਇਹੀ ਇਸ ਕਾਇਦੇ ਦਾ ਭੇਦ ਹੈ।

### ਕਾਇਦਾ ਨੰ: 03

ਧਾਟ ਨਾੜਾ ਗਧਾ ਤਿਟ, ਘਿਨਾ ਨਗ ਤੀਨਾ ਕਿਨਾ ।
ਤਾਟ ਨਾੜਾ ਗਧਾ ਤਿਟ, ਘਿਨਾ ਨਗ ਧਿਨਾ ਗਿਨਾ ॥

### ਦੋਹਰਾ

ਧਾਟਨਾੜਾ ਗਧਾਤਿਟ ਧਾਟਨਾੜਾ ਗਧਾਤਿਟ, ਧਾਟਨਾੜਾ ਗਧਾਤਿਟ ਘਿਨਾਨਗ ਤਿਨਾਕਿਨਾ ।
ਤਾਟਨਾੜਾ ਕਤਾਤਿਟ ਤਾਟਨਾੜਾ ਕਤਾਤਿਟ, ਧਾਟਨਾੜਾ ਗਧਾਤਿਟ ਘਿਨਾਨਗ ਧਿਨਾਗਿਨਾ ॥

### ਬੰਧ # 1

ਧਾਟਨਾੜਾ ਘਿਨਾਨਗ ਤਿਟਘਿਨਾ ਨਗਤਿਟ, ਤਿਟਘਿਨਾ ਨਗਤਿਟ ਘਿਨਾਨਗ ਤੀਨਾਕਿਨਾ ।
ਤਾਟਨਾੜਾ ਕਿਨਾਨਕ ਤਿਟਕਿਨਾ ਨਕਤਿਟ, ਤਿਟਘਿਨਾ ਨਗਤਿਟ ਘਿਨਾਨਗ ਧਿਨਾਗਿਨਾ ॥

### ਬੰਧ # 2

ਘਿਨਾਨਗ ਤਿਟਤਿਟ ਘਿਨਾਨਗ ਤਿਟਤਿਟ, ਤਿਟਘਿਨਾ ਨਗਤਿਟ ਘਿਨਾਨਗ ਤੀਨਾਕਿਨਾ ।
ਕਿਨਾਨਕ ਤਿਟਤਿਟ ਕਿਨਾਨਕ ਤਿਟਤਿਟ, ਤਿਟਘਿਨਾ ਨਗਤਿਟ ਘਿਨਾਨਗ ਧਿਨਾਗਿਨਾ ॥

### ਬੰਧ # 3

ਧਾਟਨਾੜਾ ਗਧਾਟਨਾ ੜਾਗਤਿਟ ਘਿਨਾਨਗ, ਧਾਟਨਾੜਾ ਗਧਾਤਿਟ ਘਿਨਾਨਗ ਤਿਨਾਕਿਨਾ ।
ਤਾਟਨਾੜਾ ਕਤਾਟਨਾ ੜਾਕਤਿਟ ਕਿਨਾਨਕ, ਧਾਟਨਾੜਾ ਗਧਾਤਿਟ ਘਿਨਾਨਗ ਧਿਨਾਗਿਨਾ ॥

### ਬੰਧ # 4

ਘਿਨਾਨਗ ਤਿਟਧਾਟ ਨਾੜਗਧਾ ਟਨਾੜਾਗ, ਧਾਟਨਾੜਾ ਗਧਾਤਿਟ ਘਿਨਾਨਗ ਤਿਨਾਕਿਨਾ ।
ਕਿਨਾਨਕ ਤਿਟਤਾਟ ਨਾੜਾਕਤਾ ਟਨਾੜਾਕ, ਧਾਟਨਾੜਾ ਗਧਾਤਿਟ ਘਿਨਾਨਗ ਧਿਨਾਗਿਨਾ ॥

### ਬੰਧ # 5

ਘਿਨਾਨਗ ਘਿਨਾਨਗ ਧਾਟਨਾੜਾ ਗਧਾਤਿਟ, ਕਿਟਨਾੜਾ ਗਧਾਤਿਟ ਘਿਨਾਨਗ ਤਿਨਾਕਿਨਾ ।
ਕਿਨਾਨਕ ਕਿਨਾਨਕ ਤਾਟਨਾੜਾ ਕਤਾਤਿਟ, ਕਿਟਨਾੜਾ ਗਧਾਤਿਟ ਘਿਨਾਨਗ ਧਿਨਾਗਿਨਾ ॥

### ਬੰਧ # 6

ਤਿਟਤਿਟ ਤਿਟਤਿਟ ਘਿਨਾਨਗ ਘਿਨਾਨਗ, ਘਿਨਾਨਗ ਤਿਟਤਿਟ ਘਿਨਾਨਗ ਤੀਨਾਕਿਨਾ ।
ਤਿਟਤਿਟ ਤਿਟਤਿਟ ਕਿਨਾਨਕ ਕਿਨਾਨਕ, ਘਿਨਾਨਗ ਤਿਟਤਿਟ ਘਿਨਾਨਗ ਧਿਨਾਗਿਨਾ ॥

**ਬੰਧ # 7**

ਤਿਟਨਾੜਾ ਗਧਾਤਿਟ ਤਿਟਨਾੜਾ ਗਧਾਤਿਟ, ਤਿਟਤਿਟ ਘਿਨਾਨਗ ਘਿਨਾਨਗ ਤੀਨਾਕਿਨਾ ।
ਤਿਟਨਾੜਾ ਕਤਾਤਿਟ ਤਿਟਨਾੜਾ ਕਤਾਤਿਟ, ਤਿਟਤਿਟ ਘਿਨਾਨਗ ਘਿਨਾਨਗ ਧਿਨਾਗਿਨਾ ॥

**ਬੰਧ # 8**

ਧਾਟਨਾੜਾ ਗਧਾਤਿਟ ਤਿਟਤਿਟ ਘਿਨਾਨਗ, -ਤਿਟ ਤਿਟਤਿਟ ਘਿਨਾਨਗ ਤੀਨਾਕਿਨਾ ।
ਤਾਟਨਾੜਾ ਕਤਾਤਿਟ ਤਿਟਤਿਟ ਕਿਨਾਨਕ, -ਤਿਟ ਤਿਟਤਿਟ ਘਿਨਾਨਗ ਧਿਨਾਗਿਨਾ ॥

**ਬੰਧ # 9**

ਘਿਨਾਨਗ ਤਿਟਤਿਟ ਤਿਟ- ਘਿਨਾਨਗ, ਤਿਟਤਿਟ ਤਿਟਤਿਟ ਘਿਨਾਨਗ ਤਿਨਾਕਿਨਾ ।
ਕਿਨਾਨਕ ਤਿਟਤਿਟ ਤਿਟ- ਕਿਨਾਨਕ, ਤਿਟਤਿਟ ਤਿਟਤਿਟ ਘਿਨਾਨਗ ਧਿਨਾਗਿਨਾ ॥

**ਬੰਧ # 10**

ਘਿਨਾਨਗ ਤਿਟਤਿਟ ਤਿਟਤਿਟ ਤਿਟਤਿਟ, ਘਿਨਾਨਗ ਘਿਨਾਨਗ ਘਿਨਾਨਗ ਤਿਨਾਕਿਨਾ ।
ਕਿਨਾਨਕ ਤਿਟਤਿਟ ਤਿਟਤਿਟ ਤਿਟਤਿਟ, ਘਿਨਾਨਗ ਘਿਨਾਨਗ ਘਿਨਾਨਗ ਧਿਨਾਗਿਨਾ ॥

**ਕਾਇਦੇ ਦਾ ਮੁਕਾਮ (ਚਕਰਦਾਰ ਤਿਹਾਈ)**

ਤਿਟਤਿਟ ਕਿਟਨਾੜਾ ਗਧਾਤਿਟ ਘਿਨਾਨਗ ਤਿਟਕਿਟ ਧਾ-ਘਿਨਾ ਨਗਤਿਟ ਕਿਟਧਾ- ਘਿਨਾਨਗ ਤਿਟਕਿਟ ਧਾ---, ਤਿਟਤਿਟ ਕਿਟਨਾੜਾ ਗਧਾਤਿਟ ਘਿਨਾਨਗ ਤਿਟਕਿਟ ਧਾ-ਘਿਨਾ ਨਗਤਿਟ ਕਿਟਧਾ- ਘਿਨਾਨਗ ਤਿਟਕਿਟ ਧਾ---, ਤਿਟਤਿਟ ਕਿਟਨਾੜਾ ਗਧਾਤਿਟ ਘਿਨਾਨਗ ਤਿਟਕਿਟ ਧਾ-ਘਿਨਾ ਨਗਤਿਟ ਕਿਟਧਾ- ਘਿਨਾਨਗ ਤਿਟਕਿਟ । ਧਾ-

x

# 340, ਸੰਗੀਤ ਵਿਲਾਸ, ਬੇਦੀ ਕਲੋਨੀ, ਧਾਰੀਵਾਲ - 143519
ਜਿਲ੍ਹਾ: ਗੁਰਦਾਸਪੁਰ ਪੰਜਾਬ - ਭਾਰਤ
ਫੋਨ: +91-98143 49658
E mail : harbhjansinghdhariwal@gmail.com

## ਗੁਰਮਤਿ ਸੰਗੀਤ ਚੇਅਰ ਵੱਲੋਂ ਕਰਵਾਏ ਗਏ ਕਾਰਜਾਂ ਦੀ ਰਿਪੋਰਟ ਅਖੰਡ ਕੀਰਤਨੀਏ ਭਾਈ ਸਾਹਿਬ ਭਾਈ ਰਣਧੀਰ ਸਿੰਘ : ਜੀਵਨ ਅਤੇ ਕੀਰਤਨ ਸ਼ੈਲੀ ਵਿਸ਼ੇ ਤੇ ਆਨਲਾਈਨ ਵਿਖਿਆਨ (ਮਿਤੀ 10.08.2021)

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਗੁਰਮਤਿ ਸੰਗੀਤ ਚੇਅਰ ਅਤੇ ਗੁਰਮਤਿ ਗਿਆਨ ਆਨਲਾਈਨ ਸਟੱਡੀ ਸੈਂਟਰ ਵਲੋਂ ਸਾਂਝੇ ਰੂਪ ਵਿਚ ਗੁਰਮਤਿ ਵਿਖਿਆਨ ਵਿਸ਼ੇਸ਼ ਲੈਕਚਰ ਲੜੀ ਅਧੀਨ 16ਵੇਂ ਆਨਲਾਈਨ ਵਿਖਿਆਨ ਦਾ ਅਖੰਡ ਕੀਰਤਨੀਏ ਭਾਈ ਸਾਹਿਬ ਭਾਈ ਰਣਧੀਰ ਸਿੰਘ : ਜੀਵਨ ਅਤੇ ਕੀਰਤਨ ਸ਼ੈਲੀ ਵਿਸ਼ੇ ਤੇ ਆਯੋਜਨ ਕੀਤਾ ਗਿਆ। ਚੇਅਰ ਦੇ ਇੰਚਾਰਜ ਡਾ. ਅਲੰਕਾਰ ਸਿੰਘ ਨੇ ਮਹਿਮਾਨਾਂ ਅਤੇ ਸਰੋਤਿਆਂ ਦਾ ਸੁਆਗਤ ਕਰਦੇ ਹੋਏ ਦੱਸਿਆ ਕਿ ਭਾਈ ਰਣਧੀਰ ਸਿੰਘ ਇਕ ਕ੍ਰਾਂਤੀਕਾਰੀ ਅਖੰਡ ਕੀਰਤਨੀਏ ਸਨ, ਜਿਨ੍ਹਾਂ ਨਾਲ ਉਨ੍ਹਾਂ ਦੇ ਸੰਗੀਤ ਗੁਰੂ ਸਵ. ਪ੍ਰੋ. ਤਾਰਾ ਸਿੰਘ ਨੇ ਗਾਇਨ ਅਤੇ ਤਬਲੇ ਤੇ ਸੰਗਤ ਵੀ ਕੀਤੀ। ਮੁੱਖ ਵਕਤਾ ਵਜੋਂ ਲਵਲੀ ਪ੍ਰੋਫ਼ੈਸ਼ਨਲ ਯੂਨੀਵਰਸਿਟੀ, ਫਗਵਾੜਾ ਦੇ ਅਸਿਸਟੈਂਟ ਪ੍ਰੋਫ਼ੈਸਰ ਡਾ. ਕੁਲਵਿੰਦਰ ਸਿੰਘ ਨੇ ਸ਼ਿਰਕਤ ਕੀਤੀ। ਆਪ ਨੇ ਭਾਈ ਸਾਹਿਬ ਦੇ ਜੀਵਨ ਦੇ ਹੋਰ ਪਹਿਲੂ ਦੱਸਣ ਤੋਂ ਇਲਾਵਾ ਉਹਨਾਂ ਦੀ ਅਖੰਡ ਕੀਰਤਨ ਪਰੰਪਰਾ ਬਾਰੇ ਵਿਸਥਾਰ ਸਹਿਤ ਦੱਸਿਆ। ਭਾਈ ਸਾਹਿਬ ਨੇ ਧਾਰਨਾ ਵਾਲੇ ਕੀਰਤਨ ਅਤੇ ਰਾਗਾਤਮਕ ਕੀਰਤਨ ਪਰੰਪਰਾ ਦਾ ਸੁਮੇਲ ਕੀਤਾ। ਆਪ ਨੇ ਗੁਰਬਾਣੀ ਦੇ ਦਾਰਸ਼ਨਿਕ ਸਿਧਾਂਤ ਅਨੁਸਾਰ ਅਣਡਿੱਠੀ ਦੁਨੀਆਂ, ਦਸਮ ਦੁਆਰ ਆਦਿ 24 ਪੁਸਤਕਾਂ ਲਿਖੀਆਂ ਜਿਹਨਾਂ ਵਿੱਚ ਦੈਵੀ ਰਹੱਸ, ਅਲੌਕਿਕ ਨਜ਼ਾਰੇ ਅਤੇ ਨਿੱਜੀ ਅਨੁਭਵਾਂ ਨੂੰ ਬਿਆਨ ਕੀਤਾ।

ਵਿਖਿਆਨ ਵਿੱਚ ਮੁੱਖ ਮਹਿਮਾਨ ਵਜੋਂ ਆਨੰਦਪੁਰ ਸਾਹਿਬ ਤੋਂ ਪ੍ਰਿੰਸੀਪਲ ਸੁਖਬੀਰ ਸਿੰਘ ਸ਼ਾਮਲ ਹੋਏ। ਆਪ ਨੇ ਭਾਈ ਸਾਹਿਬ ਦੀ ਲਾਹੌਰ ਜੇਲ੍ਹ ਵਿਚ ਸ਼ਹੀਦ ਭਗਤ ਸਿੰਘ ਨਾਲ ਮੁਲਾਕਾਤ ਬਾਰੇ ਦੱਸਦੇ ਹੋਏ ਕਿਹਾ ਕਿ ਉਸ ਮੁਲਾਕਾਤ ਤੋਂ ਬਾਅਦ ਹੀ ਸ਼ਹੀਦ ਭਗਤ ਸਿੰਘ ਨਾਸਤਕ ਤੋਂ ਆਸਤਕ ਦੇ ਰਾਹ ਤੇ ਤੁਰੇ।

ਸਮਾਰੋਹ ਦੇ ਅੰਤ ਵਿਚ ਗੁਰਮਤਿ ਗਿਆਨ ਆਨਲਾਈਨ ਸਟੱਡੀ ਸੈਂਟਰ ਦੇ ਇੰਚਾਰਜ ਡਾ. ਪਰਮੀਤ ਕੌਰ ਨੇ ਯੂਨੀਵਰਸਿਟੀ ਵੱਲੋਂ ਵਿਦਵਾਨਾਂ ਅਤੇ ਵਿਖਿਆਨ ਵਿਚ ਭਾਗ ਲੈਣ ਵਾਲਿਆਂ ਦਾ ਧੰਨਵਾਦ ਕੀਤਾ। ਵੱਡੀ ਗਿਣਤੀ ਵਿਚ ਫ਼ੈਕਲਟੀ ਅਤੇ ਖੋਜਾਰਥੀਆਂ ਤੋਂ ਇਲਾਵਾ ਹੋਰ ਸਰੋਤਿਆਂ ਵਿੱਚ ਡਾ. ਨਿਵੇਦਿਤਾ ਸਿੰਘ, ਡਾ. ਕੁਲਵਿੰਦਰ ਦੀਪ ਕੌਰ-ਜਲੰਧਰ, ਸ੍ਰੀਮਤੀ ਮਨਿੰਦਰ ਸਚਦੇਵ-ਨੋਇਡਾ, ਡਾ. ਰੁਪਿੰਦਰ ਕੌਰ-ਕੈਨੇਡਾ, ਡਾ. ਕੰਵਲਜੀਤ ਸਿੰਘ ਖ਼ਾਲਸਾ-ਦਿੱਲੀ, ਡਾ. ਭਜਨੀਤ ਸਿੰਘ-ਦਿੱਲੀ, ਇਕਬਾਲ ਹੁਸੈਨ-ਕਸ਼ਮੀਰ, ਸ. ਜਸਬੀਰ ਸਿੰਘ ਜਵੱਦੀ ਆਦਿ ਸ਼ਾਮਲ ਹੋਏ।

### ਪੰਜਾਬ ਦੇ ਸ਼ਾਸਤਰੀ ਸੰਗੀਤਕਾਰਾਂ ਨਾਲ ਵਾਰਤਾਲਾਪ ਲੜੀ ਅਧੀਨ ਪ੍ਰਸਿੱਧ ਸ਼ਾਸਤਰੀ ਸੰਗੀਤਕਾਰ ਡਾ. ਮੀਰਾ ਮਦਨ ਅਤੇ ਡਾ. ਨੀਰਾ ਗਰੋਵਰ ਨਾਲ ਆਨਲਾਈਨ ਵਾਰਤਾਲਾਪ (ਮਿਤੀ 18.07.21)

ਗੁਰਮਤਿ ਸੰਗੀਤ ਚੇਅਰ ਵੱਲੋਂ ਸਰਬ ਅਕਾਲ ਮਿਊਜ਼ਿਕ ਸੁਸਾਇਟੀ ਆਫ਼ ਕੈਲਗਰੀ (ਕੈਨੇਡਾ) ਨਾਲ ਮਿਲ ਕੇ ਪ੍ਰਸਿੱਧ ਸ਼ਾਸਤਰੀ ਸੰਗੀਤਕਾਰ ਡਾ. ਮੀਰਾ ਮਦਨ ਅਤੇ ਡਾ. ਨੀਰਾ ਗਰੋਵਰ ਨਾਲ ਆਨਲਾਈਨ

ਸੰਵਾਦ ਰਚਾਇਆ ਗਿਆ। ਸੁਸਾਇਟੀ ਦੇ ਪ੍ਰਧਾਨ ਸ. ਹਰਜੀਤ ਸਿੰਘ ਅਤੇ ਗੁਰਮਤਿ ਸੰਗੀਤ ਚੇਅਰ ਦੇ ਇੰਚਾਰਜ ਡਾ. ਅਲੰਕਾਰ ਸਿੰਘ ਜੀ ਨੇ ਡਾ. ਮੀਰਾ, ਡਾ. ਨੀਰਾ ਗਰੋਵਰ ਅਤੇ ਹੋਰ ਸ਼ਖ਼ਸੀਅਤਾਂ ਦਾ ਸੁਆਗਤ ਕੀਤਾ। ਬੀਬਾ ਰਮਨਦੀਪ ਕੌਰ, ਖੋਜਾਰਥਣ ਸੰਗੀਤ ਵਿਭਾਗ ਨੇ ਵਕਤਾਵਾਂ ਨਾਲ ਜਾਣ-ਪਛਾਣ ਕਰਵਾਉਂਦਿਆਂ ਦੱਸਿਆ ਕਿ ਦੋਵੇਂ ਉੱਘੇ ਸ਼ਾਸਤਰੀ ਸੰਗੀਤਕਾਰ ਪੰਨਾ ਲਾਲ ਮਦਨ ਜੀ ਦੀਆਂ ਬੇਟੀਆਂ ਹਨ ਜੋ ਮਹਾਨ ਸੰਗੀਤਕਾਰ ਪੰ. ਵਿਸ਼ਣੂ ਦਿਗੰਬਰ ਪੁਲਸਕਰ ਦੀ ਪਰੰਪਰਾ ਵਿਚੋਂ ਸਨ।

ਵਾਰਤਾਲਾਪ ਦੌਰਾਨ ਦੋਹਾਂ ਭੈਣਾਂ ਨੇ ਆਪਣੀ ਅਤੇ ਪੰਜਾਬ ਦੀ ਸੰਗੀਤਕ ਵਿਰਾਸਤ ਬਾਰੇ ਮਹੱਤਵਪੂਰਨ ਗੱਲਾਂ ਤੋਂ ਸਰੋਤਿਆਂ ਨੂੰ ਜਾਣੂ ਕਰਵਾਇਆ। ਪੰਜਾਬ ਵਿਚ ਸਾਜ਼ ਦੀ ਭੂਮਿਕਾ ਬਾਰੇ ਵਿਸਥਾਰ ਨਾਲ ਜਾਣਕਾਰੀ ਦਿਤੀ। ਆਪ ਨੇ ਆਪਣੇ ਪਿਤਾ ਦੁਆਰਾ ਰਚਿਤ ਬੰਦਿਸ਼ਾਂ ਗਾ ਕੇ ਵੀ ਸੁਣਾਈਆਂ ਜੋ ਜ਼ਿਆਦਾਤਰ ਭਗਤੀ ਰਸ ਵਾਲੀਆਂ ਹਨ। ਪੰਨਾ ਲਾਲ ਜੀ ਨੇ ਲਗਭਗ 30 ਰਾਗਾਂ ਵਿਚ ਸ਼ਬਦਾਂ ਦੀਆਂ ਬੰਦਿਸ਼ਾਂ ਵੀ ਰਚੀਆਂ ਅਤੇ ਕਈ ਮਹੱਤਵਪੂਰਨ ਪੁਸਤਕਾਂ ਜਿਹਨਾਂ ਵਿੱਚ ਭਾਰਤੀਯ ਸੰਗੀਤ ਔਰ ਉਸਕਾ ਵਿਕਾਸ, ਸੰਗੀਤ ਸ਼ਾਸ਼ਤਰ ਵਿਗਿਆਨ, ਸੰਗੀਤ ਕਲਾ ਕਾ ਇਤਿਹਾਸ, ਪੰਜਾਬ ਦੇ ਸੰਗੀਤ ਦਾ ਨਿਕਾਸ ਤੇ ਵਿਕਾਸ ਪ੍ਰਮੁੱਖ ਹਨ। ਉਹਨਾਂ ਦਾ ਖੋਜ ਪ੍ਰਬੰਧ 'ਖ਼ਿਆਲ ਗਾਇਕੀ ਔਰ ਉਸਕਾ ਵਿਕਾਸ' ਪ੍ਰਕਾਸ਼ਤ ਨਹੀਂ ਹੋ ਸਕਿਆ।

ਮੀਰਾ ਮਦਨ ਨੇ ਦੱਸਿਆ ਕਿ ਪੰਨਾ ਲਾਲ ਜੀ ਸਰਕਾਰੀ ਕਾਲਜ, ਚੰਡੀਗੜ੍ਹ (ਕੋ-ਐਡ) ਵਿੱਚ ਫਾਊਂਡਰ ਪ੍ਰੋਫ਼ੈਸਰ ਸਨ ਜੋ ਅਜੋਕੇ ਸਮੇਂ ਜੀ.ਸੀ.ਜੀ. ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਉਹਨਾਂ ਨੇ ਸਰਕਾਰ ਦੀ ਮਦਦ ਨਾਲ ਸੰਨ 1963 ਵਿੱਚ ਪੰਜਾਬੀ ਯੂਨੀਵਰਸਿਟੀ ਦੇ ਸਰਕਾਰੀ ਵੂਮੈਨ ਕਾਲਜ ਵਿਚ ਐਮ.ਏ. ਮਿਊਜ਼ਿਕ ਸ਼ੁਰੂ ਕਰਵਾਈ।

ਪੰਨਾ ਲਾਲ ਦੇ ਪਿਤਾ ਪੰ. ਦੇਵੀਚੰਦ ਦਾ ਵੀ ਪੰਜਾਬ ਦੀ ਸੰਗੀਤ ਪਰੰਪਰਾ ਵਿੱਚ ਨਿੱਗਰ ਯੋਗਦਾਨ ਹੈ ਜੋ ਹਰਿਵੱਲਭ ਸਮੇਂ ਉਥੇ ਹੀ ਰਹਿੰਦੇ ਸਨ ਅਤੇ ਵਿਦਿਆਰਥੀਆਂ ਨੂੰ ਮੁਫ਼ਤ ਤਾਲੀਮ ਦਿੰਦੇ ਸਨ। ਉਹਨਾਂ ਦੱਸਿਆ ਕਿ ਪੰ. ਦੇਵੀ ਚੰਦ ਜੀ ਪੰ. ਭੀਮ ਸੈਨ ਜੋਸ਼ੀ ਦੇ ਦਾਦਾ ਗੁਰੂ ਸਨ। ਵਾਰਤਾਲਾਪ ਦਾ ਸੰਚਾਲਨ ਸੰਗੀਤ ਵਿਭਾਗ ਦੇ ਪ੍ਰੋਫ਼ੈਸਰ ਡਾ. ਨਿਵੇਦਿਤਾ ਸਿੰਘ ਨੇ ਕੀਤਾ। ਡਾ. ਅਲੰਕਾਰ ਸਿੰਘ ਜੀ ਨੇ ਸਮੂਹ ਸਰੋਤਿਆਂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਅੱਜ ਪੰ. ਵਿਸ਼ਣੂ ਦਿਗੰਬਰ ਤੋਂ ਸ਼ੁਰੂ ਹੋ ਕੇ ਲਗਭਗ 150 ਸਾਲ ਦੇ ਸੰਗੀਤ ਇਤਿਹਾਸ ਦੀ ਬਹੁਤ ਵਡਮੁੱਲੀ ਜਾਣਕਾਰੀ ਪ੍ਰਾਪਤ ਹੋਈ ਹੈ। ਪ੍ਰੋਗਰਾਮ ਵਿਚ ਡਾ. ਡੇਜ਼ੀ ਵਾਲੀਆ, ਡਾ. ਹਰਵਿੰਦਰ ਸਿੰਘ, ਪੰਡਤ ਸੋਮਦੱਤ ਬੱਟੂ, ਪੰ. ਸੁਸ਼ੀਲ ਕੁਮਾਰ ਜੈਨ, ਰਾਕੇਸ਼ ਦਾਦਾ ਜੀ ਅਤੇ ਵਿਦੇਸ਼ ਤੋਂ ਵੀ ਸਰੋਤੇ ਵੱਡੀ ਗਿਣਤੀ ਵਿਚ ਜੁੜੇ।

## ਪੰਜਾਬ ਦੇ ਸ਼ਾਸਤਰੀ ਸੰਗੀਤਕਾਰਾਂ ਨਾਲ ਵਾਰਤਾਲਾਪ ਲੜੀ ਅਧੀਨ ਪ੍ਰਸਿੱਧ ਸ਼ਾਸਤਰੀ ਸੰਗੀਤਕਾਰ ਡਾ. ਮੋਹਨ ਸਿੰਘ ਖੰਗੂੜਾ ਨਾਲ ਆਨਲਾਈਨ ਵਾਰਤਾਲਾਪ (ਮਿਤੀ 15.08.21)

ਗੁਰਮਤਿ ਸੰਗੀਤ ਚੇਅਰ ਅਤੇ ਸਰਬ ਅਕਾਲ ਮਿਊਜ਼ਿਕ ਸੁਸਾਇਟੀ ਆਫ਼ ਕੈਲਗਰੀ ਨੇ ਸਾਂਝੇ ਰੂਪ ਵਿੱਚ ਪ੍ਰਸਿੱਧ ਸ਼ਾਸਤਰੀ ਸੰਗੀਤਕਾਰ ਡਾ. ਮੋਹਨ ਸਿੰਘ ਖੰਗੂੜਾ ਨਾਲ ਆਨਲਾਈਨ ਸੰਵਾਦ ਰਚਾਇਆ। ਸੁਸਾਇਟੀ ਦੇ ਪ੍ਰਧਾਨ ਸ. ਹਰਜੀਤ ਸਿੰਘ ਨੇ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ। ਚੇਅਰ ਦੇ ਇੰਚਾਰਜ ਡਾ. ਅਲੰਕਾਰ ਸਿੰਘ ਨੇ ਕਲਾਕਾਰ ਡਾ. ਮੋਹਨ ਸਿੰਘ, ਵਾਰਤਾਕਾਰ ਡਾ. ਨਿਵੇਦਿਤਾ ਸਿੰਘ ਅਤੇ ਹੋਰਾਂ ਦਾ ਸੁਆਗਤ ਕੀਤਾ।

ਪ੍ਰੋਗਰਾਮ ਦੀ ਕੋਆਰਡੀਨੇਟਰ ਬੀਬਾ ਰਮਨਦੀਪ ਕੌਰ ਨੇ ਡਾ. ਮੋਹਨ ਸਿੰਘ ਖੰਗੂੜਾ ਨਾਲ ਵਿਧੀਵਤ ਜਾਣ-ਪਛਾਣ ਕਰਵਾਈ। ਪੰਜਾਬ ਵਿਚ ਜਨਮੇ ਸ਼ਾਸਤਰੀ ਗਾਇਨ ਅਤੇ ਰਬਿੰਦਰਾ ਸੰਗੀਤ ਵਿਚ ਪਾਰੰਗਤ ਡਾ. ਮੋਹਨ ਸਿੰਘ ਨੇ ਦੇਸ਼-ਵਿਦੇਸ਼ ਵਿਚ ਸੰਗੀਤ ਦਾ ਪ੍ਰਚਾਰ ਕੀਤਾ। ਡਾ. ਸਾਹਿਬ ਨੇ ਲਗਭਗ 20 ਸਾਲ ਧਰੁਪਦ ਅਤੇ ਇਸਰਾਜ ਦੀ ਘਰਾਣੇਦਾਰ ਗਾਇਕਾਂ-ਵਾਦਕਾਂ ਤੋਂ ਵਿਧੀਵਤ ਤਾਲੀਮ ਲਈ। ਵਿਸ਼ਵ ਭਾਰਤੀ ਯੂਨੀਵਰਸਿਟੀ (ਸ਼ਾਂਤੀ ਨਿਕੇਤਨ) ਵਿਖੇ 39 ਸਾਲ ਅਧਿਆਪਨ ਦਾ ਕਾਰਜ ਕੀਤਾ ਅਤੇ ਅਨੇਕ ਵਿਦਿਆਰਥੀਆਂ ਤੋਂ ਖੋਜ ਕਾਰਜ ਕਰਵਾਇਆ। 150 ਦੇ ਲਗਭਗ ਬੰਦਿਸ਼ਾਂ ਦੀ ਰਚਨਾ ਕੀਤੀ ਜੋ ਖ਼ਿਆਲ ਰੰਗੋ ਸਿਰਲੇਖ ਦੇ ਅੰਤਰਗਤ ਪ੍ਰਕਾਸ਼ਨ ਅਧੀਨ ਹਨ। ਡਾ. ਸਾਹਿਬ ਧਰੁਪਦ, ਖ਼ਿਆਲ, ਟੱਪਾ, ਠੁਮਰੀ, ਇਨ੍ਹਾਂ ਚਾਰੋਂ ਸ਼ੈਲੀਆਂ ਵਿਚ ਪਾਰੰਗਤ ਹੋਣ ਤੋਂ ਇਲਾਵਾ ਲੋਕ ਸੰਗੀਤ ਅਤੇ ਸੂਫ਼ੀ ਸੰਗੀਤ ਵਿਚ ਵੀ ਮੁਹਾਰਤ ਰਖਦੇ ਹਨ। ਅਨੇਕ ਪੁਰਸਕਾਰਾਂ ਨਾਲ ਵਿਭੂਸ਼ਿਤ ਅਕਾਸ਼ਵਾਣੀ ਅਤੇ ਦੂਰਦਰਸ਼ਨ ਦੇ ਕਲਾਕਾਰ ਡਾ. ਮੋਹਨ ਸਿੰਘ ਖੰਗੂੜਾ ਦੀ ਸੰਗੀਤਕ ਪ੍ਰਤਿਭਾ ਨੂੰ ਉੱਘੀ ਸ਼ਾਸਤਰੀ ਗਾਇਕਾ ਡਾ. ਨਿਵੇਦਿਤਾ ਸਿੰਘ ਨੇ ਵਾਰਤਾਕਾਰ ਦੇ ਰੂਪ ਵਿਚ ਸਰੋਤਿਆਂ ਦੇ ਸਾਹਮਣੇ ਬਾਖ਼ੂਬੀ ਪ੍ਰਸਤੁਤ ਕੀਤਾ। ਡਾ. ਮੋਹਨ ਸਿੰਘ ਨੇ ਰਬਿੰਦਰਾ ਸੰਗੀਤ ਅਤੇ ਹੋਰ ਸ਼ੈਲੀਆਂ ਦਾ ਗਾਇਨ ਕਰਕੇ ਸ਼ਰੋਤਿਆਂ ਨੂੰ ਸਰਸ਼ਾਰ ਕੀਤਾ। ਪ੍ਰੋਗਰਾਮ ਦੇ ਅੰਤ ਵਿਚ ਚੇਅਰ ਦੇ ਇੰਚਾਰਜ ਡਾ. ਅਲੰਕਾਰ ਸਿੰਘ ਨੇ ਮਹਿਮਾਨ ਕਲਾਕਾਰ ਅਤੇ ਸਰੋਤਿਆਂ ਦਾ ਧੰਨਵਾਦ ਕੀਤਾ।

## ਗੁਰਮਤਿ ਵਿਖਿਆਨ ਵਿਸ਼ੇਸ਼ ਲੈਕਚਰ ਲੜੀ ਅਧੀਨ ਸ੍ਰੀ ਗੁਰੂ ਤੇਗ ਬਹਾਦਰ ਜੀ ਨਾਲ ਸਬੰਧਿਤ ਪੁਰਾਤਨ ਸ੍ਰੋਤ ਵਿਸ਼ੇ'ਤੇ ਆਨਲਾਈਨ ਵਿਖਿਆਨ (ਮਿਤੀ 25.08.2021)

ਗੁਰਮਤਿ ਸੰਗੀਤ ਚੇਅਰ ਅਤੇ ਗੁਰਮਤਿ ਗਿਆਨ ਆਨਲਾਈਨ ਸਟੱਡੀ ਸੈਂਟਰ ਵਲੋਂ ਸਾਂਝੇ ਰੂਪ ਵਿਚ 17ਵੇਂ ਆਨਲਾਈਨ ਵਿਖਿਆਨ **ਸ੍ਰੀ ਗੁਰੂ ਤੇਗ ਬਹਾਦਰ ਜੀ ਨਾਲ ਸਬੰਧਿਤ ਪੁਰਾਤਨ ਸ੍ਰੋਤ** ਵਿਸ਼ੇ'ਤੇ ਆਯੋਜਨ ਕੀਤਾ ਗਿਆ। ਸ਼ੁਰੂ ਵਿੱਚ ਚੇਅਰ ਦੇ ਇੰਚਾਰਜ ਡਾ. ਅਲੰਕਾਰ ਸਿੰਘ ਨੇ ਮਹਿਮਾਨਾਂ ਅਤੇ ਸਰੋਤਿਆਂ ਦਾ ਸੁਆਗਤ ਕੀਤਾ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਬਾਰੇ ਸੰਖੇਪ ਵਿਚ ਦੱਸਿਆ। ਉਪਰੰਤ ਕੋਆਰਡੀਨੇਟਰ ਡਾ. ਹਰਮਿੰਦਰ ਕੌਰ ਨੇ ਮੁੱਖ ਵਕਤਾ ਕੈਲੀਫ਼ੋਰਨੀਆ, ਯੂ.ਐੱਸ.ਏ. ਤੋਂ ਡੈਂਟਲ ਸਰਜਨ ਅਤੇ ਉੱਘੇ ਖੋਜ ਕਰਤਾ ਡਾ. ਦਲਵੀਰ ਸਿੰਘ ਪੰਨੂ ਨਾਲ ਜਾਣ-ਪਛਾਣ ਕਰਵਾਈ। ਵਰਨਣਯੋਗ ਹੈ ਕਿ ਡਾ. ਪੰਨੂ ਨੇ ਅਹਿਮ ਪੁਸਤਕ'ਸਿੱਖ ਹੈਰੀਟੇਜ : ਬਿਓਂਡ ਦ ਬਾਰਡਰਜ਼'ਦਾ ਲੇਖਨ ਕੀਤਾ ਹੈ। ਵਿਖਿਆਨ ਵਿਚ ਆਪ ਨੇ ਗੁਰੂ ਤੇਗ ਬਹਾਦਰ ਦੇ ਜੀਵਨ, ਭ੍ਰਮਣ ਅਤੇ ਇਤਿਹਾਸ ਬਾਰੇ ਜਾਣਕਾਰੀ ਦਿੰਦੇ ਹੋਏ ਪੁਰਾਤਨ ਪੰਜਾਬੀ ਅਤੇ ਫ਼ਾਰਸੀ ਸ੍ਰੋਤਾਂ ਵਿਚੋਂ ਹਵਾਲੇ ਦਿੱਤੇ। ਉਹਨਾਂ ਖੋਜਾਰਥੀਆਂ ਨੂੰ ਦੱਸਿਆ ਕਿ ਖੋਜ ਕਰਦੇ ਸਮੇਂ ਮੁੱਖ ਸ੍ਰੋਤਾਂ ਤੱਕ ਪਹੁੰਚਣਾ ਬਹੁਤ ਜ਼ਰੂਰੀ ਹੁੰਦਾ ਹੈ।

ਵਿਖਿਆਨ ਵਿੱਚ ਮੁੱਖ ਮਹਿਮਾਨ ਵਜੋਂ ਸਾਬਕਾ ਵਾਈਸ-ਚਾਂਸਲਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਅਤੇ ਉੱਘੇ ਸਾਹਿਤਕਾਰ ਡਾ. ਐੱਸ.ਪੀ. ਸਿੰਘ ਨੇ ਸ਼ਮੂਲੀਅਤ ਕੀਤੀ। ਆਪ ਨੇ ਮੁੱਖ ਵਕਤਾ ਵੱਲੋਂ ਦਿੱਤੀ ਖੋਜ ਭਰਪੂਰ ਜਾਣਕਾਰੀ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਬੜੀ ਹੀ ਸੰਜੀਦਗੀ ਅਤੇ ਵਿਗਿਆਨਕ

ਤਰੀਕੇ ਨਾਲ ਗੁਰਮਤਿ ਦੇ ਅਣਛੋਹੇ ਖੇਤਰ ਨੂੰ ਸਰੋਤਿਆਂ ਨਾਲ ਸਾਂਝਾ ਕੀਤਾ ਗਿਆ ਹੈ। ਅੰਤ ਵਿਚ ਗੁਰਮਤਿ ਗਿਆਨ ਆਨਲਾਈਨ ਸਟੱਡੀ ਸੈਂਟਰ ਦੇ ਇੰਚਾਰਜ ਡਾ. ਪਰਮੀਤ ਕੌਰ ਨੇ ਸਭ ਦਾ ਧੰਨਵਾਦ ਕੀਤਾ।

## ਗੁਰਮਤਿ ਸੰਗੀਤਾਚਾਰੀਆ ਪ੍ਰੋ. ਤਾਰਾ ਸਿੰਘ ਸਿਮ੍ਰਤੀ ਸਮਾਰੋਹ (ਮਿਤੀ 23.09.2021) (ਸਥਾਨ : ਕਲਾ ਭਵਨ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ)

ਗੁਰਮਤਿ ਸੰਗੀਤ ਚੇਅਰ ਅਤੇ ਸੰਗੀਤ ਵਿਭਾਗ ਵੱਲੋਂ ਗੁਰਮਤਿ ਸੰਗੀਤਾਚਾਰੀਆ ਪ੍ਰੋ. ਤਾਰਾ ਸਿੰਘ ਜੀ ਦੇ ਜਨਮ ਦਿਵਸ ਨੂੰ ਸਮਰਪਿਤ ਸਿਮ੍ਰਤੀ ਸਮਾਰੋਹ ਦਾ ਆਯੋਜਨ ਮਿਤੀ 23.9.2021 ਨੂੰ ਕੀਤਾ ਗਿਆ। ਯੂਨੀਵਰਸਿਟੀ ਧੁਨੀ ਤੋਂ ਆਰੰਭ ਕਰਕੇ ਗੁਰਮਤਿ ਸੰਗੀਤ ਚੇਅਰ ਦੇ ਇੰਚਾਰਜ ਡਾ. ਅਲੰਕਾਰ ਸਿੰਘ ਨੇ ਸਵਾਗਤੀ ਸ਼ਬਦ ਕਹੇ ਅਤੇ ਚੇਅਰ ਵਲੋਂ ਕੀਤੇ ਜਾ ਰਹੇ ਵੱਖ-ਵੱਖ ਪ੍ਰੋਜੈਕਟਾਂ ਦੀ ਜਾਣਕਾਰੀ ਦਿੱਤੀ। ਉਪਰੰਤ ਸੰਗੀਤ ਵਿਭਾਗ ਦੇ ਮੁਖੀ ਡਾ. ਨਿਵੇਦਿਤਾ ਸਿੰਘ ਨੇ ਪ੍ਰੋ. ਤਾਰਾ ਸਿੰਘ ਜੀ ਦੇ ਜੀਵਨ ਅਤੇ ਯੋਗਦਾਨ ਬਾਰੇ ਚਾਨਣਾ ਪਾਉਂਦਿਆਂ ਦੱਸਿਆ ਕਿ ਆਪ ਦਾ ਪੰਜਾਬ ਵਿੱਚ ਸੰਗੀਤ ਵਿਸ਼ੇ ਦੀ ਅਕਾਦਮਿਕ ਸਥਾਪਤੀ, ਗੁਰਮਤਿ ਸੰਗੀਤ ਦੇ ਖੇਤਰ ਵਿੱਚ ਮੁੱਢਲੀ ਖੋਜ ਅਤੇ ਨਿਰਧਾਰਤ ਰਾਗਾਂ ਵਿੱਚ ਗੁਰਬਾਣੀ ਦਾ ਸੁਰਲਿਪੀਬੱਧ ਕਾਰਜ ਕਰਨ ਵਿੱਚ ਅਹਿਮ ਯੋਗਦਾਨ ਹੈ। 1954 ਵਿੱਚ ਪੰਜਾਬ ਵਿੱਚ ਸੰਗੀਤ ਦੇ ਪਹਿਲੇ ਪ੍ਰਾਧਿਆਪਕ ਨਿਯੁਕਤ ਹੋ ਕੇ ਆਪ ਨੇ ਹਜ਼ਾਰਾਂ ਸ਼ਗਿਰਦ ਪੈਦਾ ਕੀਤੇ।

ਉਪਰੰਤ ਪ੍ਰੋ. ਤਾਰਾ ਸਿੰਘ ਦੁਆਰਾ ਸੁਰਬੱਧ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਬਦ ਅਤੇ ਸ਼ਾਸਤਰੀ ਤ੍ਰਿਵਟ ਦਾ ਗਾਇਨ ਸੰਗੀਤ ਵਿਭਾਗ ਦੇ ਵਿਦਿਆਰਥੀਆਂ ਦੁਆਰਾ ਕੀਤਾ ਗਿਆ। ਪ੍ਰੋ. ਤਾਰਾ ਸਿੰਘ ਸਿਮ੍ਰਤੀ ਲੈਕਚਰ ਉੱਘੇ ਵਿਦਵਾਨ ਅਤੇ ਪੰਜਾਬੀ ਯੂਨੀਵਰਸਿਟੀ ਦੱਖਣੀ ਕੈਂਪਸ, ਤਲਵੰਡੀ ਸਾਬੋ ਦੇ ਡਾਇਰੈਕਟਰ ਡਾ. ਗੁਰਸ਼ਰਨ ਸਿੰਘ ਰੰਧਾਵਾ ਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਰਾਗ ਵਿਧਾਨ ਵਿਸ਼ੇ ਤੇ ਦਿੱਤਾ ਗਿਆ। ਆਪ ਨੇ ਗੁਰਮਤਿ ਸੰਗੀਤ ਰਾਗ ਪ੍ਰਬੰਧ ਦੇ ਅਧਾਰ ਤੇ ਸ੍ਰੀ ਗੁਰੂ ਗ੍ਰੰਥ ਬਾਣੀ ਬਾਰੇ ਦੱਸਦੇ ਹੋਏ ਗੁਰੂ ਗ੍ਰੰਥ ਸਾਹਿਬ ਪਾਰਕ ਨਾਮਕ ਨਿਵੇਕਲੇ ਪ੍ਰੋਜੈਕਟ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਉੱਘੇ ਗੁਰਮਤਿ ਸੰਗੀਤ ਰਚਨਾਕਾਰ, ਉਸਤਾਦ ਅਤੇ ਪ੍ਰਚਾਰਕ ਪ੍ਰਿੰਸੀਪਲ ਸੁਖਵੰਤ ਸਿੰਘ ਜੀ ਨੂੰ ਗੁਰਮਤਿ ਸੰਗੀਤਾਚਾਰੀਆ ਪ੍ਰੋ. ਤਾਰਾ ਸਿੰਘ ਸਿਮ੍ਰਤੀ ਅਵਾਰਡ ਪ੍ਰਦਾਨ ਕੀਤਾ ਗਿਆ। ਸਮਾਰੋਹ ਦੀ ਪ੍ਰਧਾਨਗੀ ਵਾਈਸ-ਚਾਂਸਲਰ ਡਾ. ਅਰਵਿੰਦ ਨੇ ਕੀਤੀ ਅਤੇ ਵਿਦਿਆਰਥੀਆਂ ਨੂੰ ਰੋਜ਼ ਕੁਝ ਨਵਾਂ ਸਿੱਖਣ ਦੀ ਪ੍ਰੇਰਨਾ ਦਿੱਤੀ। ਆਪ ਨੇ ਪ੍ਰੋ. ਤਾਰਾ ਸਿੰਘ ਵਰਗੇ ਵਿਦਵਾਨਾਂ ਦੇ ਕਾਰਜ ਨੂੰ ਹਿੰਦੀ ਅਤੇ ਅੰਗ੍ਰੇਜ਼ੀ ਭਾਸ਼ਾ ਵਿੱਚ ਅਨੁਵਾਦ ਕਰਕੇ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਪੱਧਰ ਤੱਕ ਪਹੁੰਚਾਉਣ ਲਈ ਕਿਹਾ। ਸਮਾਗਮ ਵਿੱਚ ਵੱਡੀ ਗਿਣਤੀ ਵਿੱਚ ਫ਼ੈਕਲਟੀ ਮੈਂਬਰ, ਵਿਦਿਆਰਥੀ, ਖੋਜਾਰਥੀ, ਪ੍ਰੋ. ਤਾਰਾ ਸਿੰਘ ਦੇ ਸ਼ਿਸ਼ ਅਤੇ ਸੰਗੀਤ ਦੇ ਰਸੀਏ ਸ਼ਾਮਲ ਰਹੇ, ਜਿਨ੍ਹਾਂ ਵਿਚ ਪ੍ਰੋ. ਤਾਰਾ ਸਿੰਘ ਦੀ ਸਪੁੱਤਰੀ ਕਮਲਨੈਨ ਸੋਹਲ ਅਤੇ ਪਰਿਵਾਰ, ਡਾ. ਰਜਿੰਦਰ ਸਿੰਘ ਗਿੱਲ, ਡਾ. ਮਲਕਿੰਦਰ ਕੌਰ, ਡਾ. ਪਰਮੀਤ ਕੌਰ, ਡਾ. ਜਯੋਤੀ ਸ਼ਰਮਾ, ਡਾ. ਕੰਵਲਜੀਤ ਸਿੰਘ, ਡਾ. ਹਰਮਿੰਦਰ ਕੌਰ, ਸ. ਜਸਬੀਰ ਸਿੰਘ ਜਵੱਦੀ ਆਦਿ ਸ਼ਾਮਲ ਰਹੇ।

## ਗੁਰਮਤਿ ਸੰਗੀਤ ਦੇ ਪ੍ਰਮੁਖ ਰਚਨਾਕਾਰ ਸ. ਗਿਆਨ ਸਿੰਘ ਐਬਟਾਬਾਦੋ

ਗੁਰਨਾਮ ਸਿੰਘ (ਡਾ.)

ਗੁਰਮਤਿ ਸੰਗੀਤ ਦੇ ਸੁਰਲਿਪੀਬੱਧ ਕਾਰਜਾਂ ਦੀ ਧਾਰਾ ਅਧੀਨ ਸ. ਗਿਆਨ ਸਿੰਘ ਐਬਟਾਬਾਦੋ ਦਾ ਨਾਮ ਵਿਸ਼ੇਸ਼ ਵਰਣਨਯੋਗ ਹੈ। ਗੁਰਮਤਿ ਸੰਗੀਤ ਦੇ ਆਰੰਭਲੇ ਰਚਨਾਕਾਰ ਮਾਸਟਰ ਸੁੰਦਰ ਸਿੰਘ, ਰਾਗੀ ਭਾਈ ਪ੍ਰੇਮ ਸਿੰਘ, ਸ. ਰਵੇਲ ਸਿੰਘ ਕੰਵਰੋ ਤੋਂ ਬਾਅਦ ਆਪ ਦਾ ਨਾਮ ਉਲੇਖਨੀਯ ਹੈ। ਆਪ ਤੋਂ ਪੂਰਵਲੇ ਰਚਨਾਕਾਰਾਂ ਨੇ ਗੁਰਮਤਿ ਸੰਗੀਤ ਦੇ ਜਿਨ੍ਹਾਂ ਸੁਰਲਿਪੀ ਬੱਧ ਕਾਰਜਾਂ ਦੀ ਨੀਂਹ ਰਖੀ ਸੀ, ਆਪ ਨੇ ਉਨ੍ਹਾਂ ਦੀ ਪਾਈ ਲੀਹ ਉਤੇ ਚਲਦਿਆਂ ਨਿਯਮਬੱਧਤਾ ਰਾਹੀਂ ਉਸ ਨੂੰ ਅੱਗੇ ਤੋਰਿਆ। ਜੇਕਰ ਆਪ ਦੁਆਰਾ ਰਚਿਤ ਸ਼ਬਦ ਕੀਰਤਨ ਰਚਨਾਵਾਂ ਦੇ ਸੰਗ੍ਰਹਿ ਨੂੰ ਵਾਚੀਏ ਤਾਂ ਗੁਰਮਤਿ ਸੰਗੀਤ ਦੀ ਸਿਧਾਂਕਤਾ ਅਤੇ ਵਿਵਹਾਰਕਤਾ ਦੀ ਪਰਿਪਕਤਾ ਦੇ ਦੀਦਾਰ ਪਾਠਕਾਂ ਦੇ ਰੂ-ਬ-ਰੂ ਸਹਿਜੇ ਹੀ ਹੋ ਜਾਂਦੇ ਹਨ। ਆਪ ਜਿਥੇ ਪ੍ਰਸਿੱਧ ਗੁਰਮਤਿ ਸੰਗੀਤਾਚਾਰੀਆ ਰਹੇ ਹਨ, ਉਥੇ ਆਪ ਨਿਧੜਕ ਸਿੱਖ ਅਤੇ ਗੁਰੂ ਘਰ ਦੇ ਅਨਿਨ ਸੇਵਕ ਵੀ ਸਨ। ਆਪ ਨੇ ਆਪਣੀ ਜਿੰਦਗੀ ਦੇ 65 ਵਰ੍ਹੇ ਜਿੱਥੇ ਕੀਰਤਨ ਦੀ ਸੇਵਾ ਕਰਦਿਆਂ ਗੁਜਾਰੇ, ਉਥੇ ਵਿਵਹਾਰਕ ਤੌਰੋ ਤੇ ਸਿੱਖ ਰਾਜਨੀਤੀ ਵਿਚ ਵੀ ਪੂਰੀ ਤਰ੍ਹਾਂ ਸਰਗਰਮ ਰਹੇ। ਗੁਰਦਆਰਾ ਸੁਧਾਰ ਲਹਿਰ ਸਮੇਂ ਵਾਪਰੀਆਂ ਲੂੰ ਖੜੇ ਕਰਨ ਵਾਲੀਆਂ ਘਟਨਾਵਾਂ ਨੇ ਆਪ ਦਾ ਮਨ ਨੂੰ ਟੁੰਬਿਆ। ਆਪ ਆਪਣੇ ਸਾਥੀਆਂ ਸਮੇਤ ਸ਼ਹੀਦਾਂ ਦੇ ਸਸਕਾਰ ਵਾਲੇ ਦਿਨ ਸ੍ਰੀ ਨਨਕਾਣਾ ਸਾਹਿਬ ਵਿਖੇ ਪਹੁੰਚੇ। ਇਥੇ ਦੇ ਸੋਗਮਈ ਮਾਹੌਲ ਨੇ ਆਪ ਅੰਦਰ ਇਨਕਲਾਬੀ ਰੂਹ ਫੂਕ ਦਿਤੀ। ਆਪ ਸ਼੍ਰੋਮਣੀ ਕਮੇਟੀ ਦੇ ਜਿਲ੍ਹਾ ਪੱਧਰੀ ਮੈਂਬਰ ਵੀ ਰਹੇ। ਜਦੋਂ ਸ਼੍ਰੋਮਣੀ ਕਮੇਟੀ ਨੂੰ ਗੈਰ ਕਾਨੂੰਨੀ ਕਰਾਰ ਦਿਤਾ ਗਿਆ, ਉਸ ਸਮੇਂ ਵੀ ਆਪ ਰਾਜਨੀਤਕ ਤੌਰ ਤੇ ਪੂਰੀ ਤਰ੍ਹਾਂ ਸਰਗਰਮ ਰਹੇ। 1924 ਵਿਚ ਆਪ ਨੂੰ ਮੁਲਤਾਨ ਵਿਖੇ ਦੋ ਸਾਲ ਦੀ ਜੇਲ ਵੀ ਹੋਈ। ਜੇਲ ਵਿਚ ਰਹਿੰਦਿਆਂ ਆਪ ਨੇ ਗੁਰਬਾਣੀ ਵਿਚ ਪਰਿਪਕਤਾ ਬਣਾਈ ਅਤੇ ਵੱਧ ਤੋਂ ਵੱਧ ਗੁਰਬਾਣੀ ਕੰਠ ਕਰਨ ਦਾ ਅਭਿਆਸ ਕੀਤਾ। ਇਸ ਸਮੇਂ ਦੌਰਾਨ ਆਪ ਨੇ ਹੋਰ ਬਾਣੀਆਂ ਤੋ ਇਲਾਵਾ 22 ਵਾਰਾਂ ਵਿਚੋਂ 14 ਵਾਰਾਂ ਨੂੰ ਜੁਬਾਨੀ ਕੰਠ ਕੀਤਾ। ਗੁਰਦੁਆਰਾ ਪੰਜਾ ਸਾਹਿਬ ਦੇ ਆਪ ਦੋ ਵਾਰ ਪ੍ਰਧਾਨ ਰਹੇ। ਦੇਸ਼ ਵੰਡ ਦੀ ਤ੍ਰਾਸਦੀ ਤੋਂ ਬਾਅਦ ਦਿੱਲੀ ਆ ਟਿਕੇ ਅਤੇ ਇਥੇ ਆ ਕੇ ਆਪ ਨੇ ਹੱਥੀ ਕਿਰਤ ਸ਼ੁਰੂ ਕੀਤੀ। ਆਪ ਨੇ ਸ. ਮੇਲਾ ਸਿੰਘ ਨਾਲ ਮਿਲ ਕੇ ਆਰਮਜ਼ ਐਂਡ ਐਮੂਨੀਸ਼ਨ ਦਾ ਕੰਮ ਸ਼ੁਰੂ ਕੀਤਾ। ਇਸ ਸਭ ਦੇ ਨਾਲ-ਨਾਲ ਆਪ ਨੇ ਆਪਣੀ ਗੁਰਬਾਣੀ ਅਤੇ ਸ਼ਬਦ ਕੀਰਤਨ ਨਾਲ ਸਾਂਝ ਨੂੰ ਹੋਰ ਪਕੇਰਾ ਕੀਤਾ।

ਸ. ਗਿਆਨ ਸਿੰਘ ਐਬਟਾਬਾਦੋ ਦਾ ਜਨਮ 1897 ਈ. ਵਿਚ ਸ. ਭਗਵਾਨ ਸਿੰਘ ਦੇ ਗ੍ਰਹਿ ਐਬਟਾਬਾਦ (ਪਾਕਿਸਤਾਨ) ਵਿਖੇ ਹੋਇਆ। ਐਬਟਾਬਾਦ ਹਿਮਾਲਿਆ ਦੀ ਪੱਛਮੀ ਧਾਰ ਵਿਚ ਵਸਿਆ ਇਕ ਬਹੁਤ ਹੀ ਸੁੰਦਰ ਤੇ ਰਮਣੀਕ ਸਥਾਨ ਹੈ। ਇਸ ਸਥਾਨ ਦੀ ਸੁੰਦਰ ਫਿਜ਼ਾ ਵਿਚ ਹੀ ਬਾਲ ਗਿਆਨ ਸਿੰਘ ਦਾ ਸੰਗੀਤਕ ਸਫਰ ਸ਼ੁਰੂ ਹੋਇਆ। ਗੁਰਮਤਿ ਸੰਗੀਤ ਦੀ ਬਖਸ਼ਿਸ਼ ਆਪ ਨੂੰ ਵਿਰਾਸਤ ਵਿਚੋਂ ਪ੍ਰਾਪਤ ਹੋਈ। ਕੀਰਤਨ ਦੀ ਮੁਢਲੀ ਸਿਖਿਆ ਆਪ ਨੇ ਆਪਣੇ ਪਿਤਾ ਸ. ਭਗਵਾਨ ਸਿੰਘ ਕੋਲੋਂ ਪ੍ਰਾਪਤ ਕੀਤੀ। ਸ. ਭਗਵਾਨ ਸਿੰਘ ਸ਼ਬਦ ਕੀਰਤਨ ਦੀ ਇਤਨੇ ਰਸੀਏ ਸਨ ਕਿ ਘਰ ਵਿਚ ਪਰਿਵਾਰ ਸਹਿਤ ਕੀਰਤਨ ਕਰਨਾ ਉਨ੍ਹਾਂ ਦਾ ਨਿਤਨੇਮ ਸੀ। ਪਰਿਵਾਰਕ ਸੰਸਕਾਰਾਂ ਅਤੇ ਗੁਰੂ ਕਿਰਪਾ ਸਦਕੇ ਬਾਲ ਗਿਆਨ ਸਿੰਘ ਨੇ ਪੰਜ ਵਰ੍ਹਿਆਂ ਦੀ ਉਮਰੇ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਨਾ

ਆਰੰਭ ਕਰ ਦਿਤਾ ਸੀ। ਸ਼ਬਦ ਕੀਰਤਨ ਵਿਚ ਮੁਹਾਰਤ ਵੀ ਆਪ ਨੇ ਛੋਟੀ ਉਮਰੇ ਹਾਸਲ ਕਰ ਲਈ ਸੀ। ਪਿੰਡ ਦੇ ਗ੍ਰੰਥੀ ਭਾਈ ਨਾਰਾਇਣ ਸਿੰਘ ਦੀ ਸਮੇਂ-ਸਮੇਂ ਪ੍ਰਾਪਤ ਪ੍ਰੇਰਨਾ ਸਦਕਾ ਆਪ ਦੀ ਸ਼ਬਦ ਕੀਰਤਨ ਅਤੇ ਸੰਗਤ ਨਾਲ ਸਾਂਝ ਪੀਡੀ ਹੁੰਦੀ ਗਈ। ਆਪ ਨੇ ਗੁਰਮਤਿ ਸੰਗੀਤ ਦੀ ਬਕਾਇਦਾ ਸਿੱਖਿਆ ਭਾਈ ਲਾਲ ਸਿੰਘ ਐਬਟਾਬਾਦ ਤੋਂ ਪ੍ਰਾਪਤ ਕੀਤੀ।

ਗੁਰਮਤਿ ਸੰਗੀਤ ਦੇ ਸ਼ਬਦ ਕੀਰਤਨ ਰਚਨਾਕਾਰ ਸ. ਗਿਆਨ ਸਿੰਘ ਐਬਟਾਬਾਦ ਨੇ ਆਪਣੇ ਸੁਰਲਿਪੀ ਬੱਧ ਕਾਰਜ ਦੀ ਮੂਲ ਪ੍ਰੇਰਨਾ ਤੇ ਉਦੇਸ਼ ਸਬੰਧੀ ਵਰਣਨ ਕਰਦਿਆਂ ਭਾਵਪੂਰਤ ਸ਼ਬਦਾਂ ਵਿਚ ਬਿਆਨ ਕੀਤਾ ਹੈ, ਸੰਗਤਾਂ ਵਿਚ ਆਮ ਚਰਚਾ ਸੀ ਕਿ ਗੁਰਦੁਆਰਿਆਂ ਵਿਚ ਫਿਲਮੀ ਟਿਊਨਾਂ ਤੇ ਕੀਰਤਨ ਕੀਤਾ ਜਾਂਦਾ ਹੈ, ਜੋ ਮਨ ਨੂੰ ਚੰਚਲ ਕਰਦੀਆਂ ਹਨ ਤੇ ਕੀਰਤਨ ਚਾਹੀਦਾ ਹੈ ਜਿਸ ਨਾਲ ਮਨ ਟਿਕੇ। ਮੈਂ ਉਨ੍ਹਾਂ ਸ਼ਬਦ ਰੀਤਾਂ ਦੀ ਖੋਜ ਵਿਚ ਸਾਂ ਜਿਨ੍ਹਾਂ ਵਿਚ ਗੁਰੂ ਸਾਹਿਬਾਨ ਦੇ ਸਮੇਂ ਗੁਰਬਾਣੀ ਗਾਈ ਜਾਂਦੀ ਸੀ। ਉਕਤ ਹਵਾਲੇ ਤੋਂ ਆਪ ਦੇ ਵਿਚਾਰ ਸਪਸ਼ਟ ਹਨ ਕਿ ਗੁਰੂ ਘਰਾਂ ਵਿਚ ਰਾਗੀ ਸਿੰਘਾਂ ਦੁਆਰਾ ਫਿਲਮੀ ਟਿਊਨਾਂ ਤੇ ਸ਼ਬਦ ਕੀਰਤਨ ਕਰਨ ਦੀ ਪ੍ਰਕ੍ਰਿਆ ਆਪ ਦੇ ਦਿਲ ਨੂੰ ਆਹਤ ਕਰਦੀ ਸੀ। ਕਰੇ ਵੀ ਕਿਉਂ ਨਾ, ਆਪਣੀ ਅਮੀਰ ਵਿਰਾਸਤ ਨੂੰ ਛੱਡ ਕੇ ਅਸੀਂ ਕੰਨ ਰਸ ਨੂੰ ਤਰਜੀਹ ਜੋ ਦੇਣ ਲਗ ਪਏ ਹਾਂ। ਗੁਰਮਤਿ ਸੰਗੀਤ ਦੇ ਕਿਸੇ ਵੀ ਸੱਚੇ ਹਿਤਕਾਰੀ ਲਈ ਇਹ ਗੱਲ ਕਦੇ ਵੀ ਗਵਾਰਾ ਨਹੀਂ ਹੋਵੇਗੀ। ਆਪ ਨੇ ਸ਼ਬਦ ਕੀਰਤਨ ਰਚਨਾਵਾਂ ਨੂੰ ਸੰਗ੍ਰਹਿਤ ਕਰਕੇ ਸੁਰਲਿਪੀ ਬੱਧ ਕਰਨ ਦਾ ਕਾਰਜ ਗਿਆਨੀ ਹਰਦਿਤ ਸਿੰਘ, ਭਾਈ ਸੰਤਾ ਸਿੰਘ ਜੀ ਕੰਵਲ ਅਤੇ ਭਾਈ ਦਿਆਲ ਸਿੰਘ (ਜੋ ਜੋੜੀ, ਹਾਰਮੋਨੀਅਮ, ਸਾਰੰਦਾ, ਦਿਲਰੁਬਾ ਆਦਿ ਸਾਜ਼ ਵਜਾਉਣ ਦੇ ਮਾਹਿਰ ਸਨ) ਨਾਲ ਮਿਲ ਕੇ ਕੀਤਾ। ਗੁਰਬਾਣੀ ਸੰਗੀਤ ਦੇ ਹਵਾਲੇ ਨਾਲ ਸ. ਗਿਆਨ ਸਿੰਘ ਐਬਟਾਬਾਦ ਨੇ ਸ਼ਬਦ ਕੀਰਤਨ ਰਚਨਾਵਾਂ ਦੇ ਸੰਗ੍ਰਹਿ ਹਿਤ ਬਹੁਤ ਸਖਤ ਘਾਲਣਾ ਕੀਤੀ ਹੈ। ਗੁਰੂ ਘਰ ਦੀ ਵਿਵਹਾਰਕ ਸ਼ਬਦ ਕੀਰਤਨ ਪਰੰਪਰਾ ਵਿਚ ਸੀਨਾ-ਬ-ਸੀਨਾ ਚਲੀਆਂ ਆ ਰਹੀਆਂ ਸ਼ਬਦ ਰੀਤਾਂ ਨੂੰ ਇਕੱਠਾ ਕਰਨ ਹਿਤ ਆਪ ਵੱਲੋਂ ਵੱਖ-ਵੱਖ ਸਥਾਨਾਂ ਤੇ ਜਾ ਕੇ ਪੰਥ ਪ੍ਰਸਿੱਧ ਕੀਰਤਨੀਆਂ ਕੋਲੋਂ ਇਨ੍ਹਾਂ ਰੀਤਾਂ ਨੂੰ ਪ੍ਰਾਪਤ ਕੀਤਾ। ਇਸੇ ਹੀ ਪ੍ਰਕ੍ਰਿਆ ਅਧੀਨ ਆਪ ਨੇ ਰਬਾਬੀ ਭਾਈ ਤਾਬਾ ਜੀ, ਜਿਨ੍ਹਾਂ ਨੇ ਆਪਣੀ ਉਮਰ ਦਾ ਵੱਡਾ ਹਿੱਸਾ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਵਿਚ ਸ਼ਬਦ ਕੀਰਤਨ ਕਰਦਿਆਂ ਗੁਜਾਰਿਆ, ਉਨ੍ਹਾਂ ਪਾਸੋਂ ਬੜੀ ਮਿਹਨਤ, ਮੁਸ਼ਕਤ ਸਦਕਾ ਹਰਿਮੰਦਰ ਸਾਹਿਬ ਵਿਖੇ ਗਾਈਆਂ ਜਾਂਦੀਆਂ ਰਹੀਆਂ ਪੁਰਾਤਨ ਸ਼ਬਦ ਰੀਤਾਂ ਨੂੰ ਹਾਸਿਲ ਕੀਤਾ। ਆਪ ਦੇ ਇਸ ਕਾਰਜ ਦੇ ਪਾਂਧੀ ਰਹੇ ਭਾਈ ਦਿਆਲ ਸਿੰਘ (ਪ੍ਰਿੰ.) ਨੇ ਆਪ ਦਾ ਭਰਪੂਰ ਸਹਿਯੋਗ ਦਿਤਾ। ਆਪ ਵਲੋਂ ਭਾਈ ਦਿਆਲ ਸਿੰਘ(ਪ੍ਰਿੰ.) ਦੁਆਰਾ ਇਸ ਕਾਰਜ ਵਿਚ ਕੀਤੀ ਅਤਿ ਕਰੜੀ ਮਿਹਤਨ ਦੀ ਸ਼ਲਾਘਾ ਵਾਰ੍ਵਾਰ ਕੀਤੀ ਹੈ। ਇਸ ਤਰ੍ਹਾਂ ਆਪ ਨੇ ਸੰਨ 1959 ਈ. ਤੱਕ 98 ਰਾਗਾਂ ਵਿਚ 210 ਸ਼ਬਦ ਰੀਤਾਂ ਨੂੰ ਸੁਰਲਿਪੀ ਬੱਧ ਰੂਪ ਵਿਚ ਸਾਂਭ ਲਿਆ ਗਿਆ ਸੀ। ਇਨ੍ਹਾਂ ਸ਼ਬਦ ਰੀਤਾਂ ਵਿਚ ਗੁਰੂ ਗ੍ਰੰਥ ਸਾਹਿਬ ਅਧੀਨ ਦਰਜ ਗੁਰਬਾਣੀ ਤੋਂ ਇਲਾਵਾ ਪ੍ਰਮਾਣਿਕ ਬਾਣੀਆਂ ਜਿਵੇਂ ਵਾਰਾਂ ਭਾਈ ਗੁਰਦਾਸ, ਕਬਿਤ ਭਾਈ ਗੁਰਦਾਸ, ਗਜ਼ਲਾਂ ਭਾਈ ਨੰਦ ਲਾਲ ਜੀ ਅਤੇ ਦਸਮ ਗ੍ਰੰਥ ਆਦਿ ਦੀ ਬਾਣੀ ਸ਼ਾਮਿਲ ਹੈ। ਗੁਰਮਤਿ ਸੰਗੀਤ ਦੇ ਪ੍ਰਚਾਰ ਤੇ ਪਸਾਰ ਹਿਤ ਆਪ ਨੇ ਇਨ੍ਹਾਂ ਅਨਮੋਲ ਸ਼ਬਦ ਕੀਰਤਨ ਰਚਨਾਵਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਦੁਆਰਾ ਪੁਸਤਕ ਗੁਰਬਾਣੀ ਸੰਗੀਤ ਅਧੀਨ 1961 ਵਿਚ ਪ੍ਰਕਾਸ਼ਿਤ ਕਰਵਾਕੇ ਗੁਰਮਤਿ ਸੰਗੀਤ ਪ੍ਰੇਮੀਆਂ ਦੀ ਸੇਵਾ

ਲਈ ਭੇਟ ਕੀਤਾ।

ਗੁਰਮਤਿ ਸੰਗੀਤ ਦੇ ਸ਼ਬਦ ਕੀਰਤਨ ਰਚਨਾਕਾਰ ਸ. ਗਿਆਨ ਸਿੰਘ 'ਐਬਟਾਬਾਦ' ਦੁਆਰਾ ਰਚਿਤ ਪੁਸਤਕ 'ਗੁਰਬਾਣੀ ਸੰਗੀਤ' ਦੋ ਭਾਗਾਂ ਵਿਚ ਉਪਲਬੱਧ ਹੈ। ਇਸ ਪੁਸਤਕ ਦੇ ਪਹਿਲੇ ਭਾਗ ਵਿਚ 293 ਸ਼ਬਦ ਕੀਰਤਨ ਰਚਨਾਵਾਂ ਨੂੰ 67 ਰਾਗਾਂ ਅਤੇ 25 ਤਾਲਾਂ ਵਿਚ ਸੁਰਲਿਪੀ ਬੱਧ ਕੀਤਾ ਗਿਆ ਹੈ। ਪੁਸਤਕ ਦੇ ਇਸ ਭਾਗ ਵਿਚ ਆਪ ਦੁਆਰਾ ਪ੍ਰਯੁਕਤ ਰਾਗ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਾਗ ਤਰਤੀਬ ਅਨੁਸਾਰੀ ਹੈ। ਇਕ ਰਾਗ ਦੇ ਵੱਖ੍ਵੱਖ ਪ੍ਰਕਾਰਾਂ ਦੇ ਅੰਤਰਗਤ ਸ਼ਬਦਾਂ ਨੂੰ ਸੁਰਲਿਪੀ ਬੱਧ ਕੀਤਾ ਗਿਆ ਹੈ ਜਿਵੇਂ ਮੀਆਂ ਕੀ ਟੋਡੀ, ਬਹਾਦਰੀ ਟੋਡੀ, ਸੰਧੂਰੀ ਟੋਡੀ, ਅਮੀਰੀ ਟੋਡੀ, ਹੁਸੈਨੀ ਟੋਡੀ ਆਦਿ। ਪੁਸਤਕ ਦੀਆਂ ਸ਼ਬਦ ਰਚਨਾਵਾਂ ਲਈ ਪ੍ਰਯੁਕਤ ਤਾਲਾਂ ਵਿਚ ਪਉੜੀ, ਦਾਦਰਾ, ਢਾਈ ਤਾਲ ਰੂਪਕ, ਤਲਵਾੜਾ, ਮੱਤਤਾਲ, ਝੱਪਤਾਲ, ਸੂਲਫਾਕ, ਭਾਨਮਤੀਤਾਲ, ਜਗਪਾਲਤਾਲ, ਚਾਰਤਾਲ, ਇਕਤਾਲਾ, ਜੈਤਾਲ, ਚੰਚਲ, ਆਡਾ ਚੌਤਾਲ, ਧਮਾਰ, ਫਰੋਦਸਤ, ਸਵਾਰੀ ਪੰਜਤਾਲ, ਤਿੰਨ ਤਾਲ, ਛੋਟਾ ਤਿੰਨ ਤਾਲ, ਪੰਜਾਬੀ ਠੇਕਾ ਤਿੰਨ ਤਾਲ, ਸਿਖਰ ਤਾਲ, ਖਟਤਾਲ, ਇੰਦਰ ਤਾਲ, ਅਸ਼ਠਤਾਲ ਨੂੰ ਸ਼ਾਮਿਲ ਕੀਤਾ ਗਿਆ ਹੈ। ਇਸ ਭਾਗ ਦੇ ਅੰਤਰਗਤ 18 ਧਰੁਪਦ ਅੰਗ, ਅੱਠ ਧਮਾਰ ਅੰਗ ਅਤੇ 24 ਪੜਤਾਲ ਗਾਇਨ ਸ਼ੈਲੀ ਅਧੀਨ ਸ਼ਬਦ ਕੀਰਤਨ ਰਚਨਾਵਾਂ ਸੁਰਲਿਪੀਬਧ ਹਨ। ਪੁਸਤਕ 'ਗੁਰਬਾਣੀ ਸੰਗੀਤ' ਦੇ ਦੂਜੇ ਭਾਗ ਦੇ ਅੰਤਰਗਤ 70 ਰਾਗਾਂ ਅਧੀਨ 155 ਸ਼ਬਦ ਕੀਰਤਨ ਰਚਨਾਵਾਂ ਦਰਜ ਕੀਤੀਆਂ ਗਈਆਂ ਹਨ। ਇਨ੍ਹਾਂ ਤੋਂ ਇਲਾਵਾ ਦਸ੍ਦਸ ਰਾਗਾਂ ਦੇ ਦੋ ਗੁਲਦਸਤੇ ਵੀ ਇਸ ਭਾਗ ਵਿਚ ਦਰਜ ਹਨ। ਇਨ੍ਹਾਂ ਸ਼ਬਦ ਕੀਰਤਨ ਰਚਨਾਵਾਂ ਹਿਤ ਗੁਰਮਤਿ ਸੰਗੀਤ ਦੀ ਵਿਵਹਾਰਕ ਸ਼ਬਦ ਕੀਰਤਨ ਪਰੰਪਰਾ ਵਿਚ ਪ੍ਰਯੋਗ ਅਧੀਨ ਰਹੇ ਰਾਗਾਂ ਨੂੰ ਦਰਜ ਕੀਤਾ ਗਿਆ ਹੈ। ਇਨ੍ਹਾਂ ਸ਼ਬਦ ਕੀਰਤਨ ਰਚਨਾਵਾਂ ਨੂੰ ਭਾਗ ਪਹਿਲਾ ਵਿਚ ਪ੍ਰਯੁਕਤ ਤਾਲਾਂ ਅਧੀਨ ਹੀ ਸੁਰਲਿਪੀ ਬੱਧ ਕੀਤਾ ਗਿਆ ਹੈ।

ਰਚਨਾਕਾਰ ਸ. ਗਿਆਨ ਸਿੰਘ 'ਐਬਟਾਬਾਦ' ਦੁਆਰਾ ਰਚਿਤ ਉਕਤ ਪੁਸਤਕ ਦੀ ਵਿਸ਼ੇਸ਼ਤਾ ਰਹੀ ਹੈ ਕਿ ਆਪ ਦੁਆਰਾ ਰਚਿਤ ਸ਼ਬਦ ਕੀਰਤਨ ਰਚਨਾਵਾਂ ਹਿਤ ਪਹਿਲੀ ਵਾਰ ਭਾਤਖੰਡੇ ਸੁਰਲਿਪੀ ਨੂੰ ਪ੍ਰਯੋਗ ਅਧੀਨ ਲਿਆਉਂਦਾ ਗਿਆ ਜੋ ਕਿ ਉਤਰ ਭਾਰਤੀ ਸੰਗੀਤ ਵਿਚ ਪ੍ਰਚਲਿਤ ਹੋ ਚੁੱਕੀ ਸੀ। ਆਪ ਦੀਆਂ ਸ਼ਬਦ ਕੀਰਤਨ ਰਚਨਾਵਾਂ ਰਾਹੀਂ ਹੀ ਭਾਤਖੰਡੇ ਸੁਰਲਿਪੀ ਦਾ ਪ੍ਰਵੇਸ਼ ਗੁਰਮਤਿ ਸੰਗੀਤ ਪਰੰਪਰਾ ਵਿਚ ਦ੍ਰਿਸ਼ਟੀਗੋਚਰ ਹੁੰਦਾ ਹੈ। ਇਸ ਤੋਂ ਪੂਰਵ ਗੁਰਮਤਿ ਸੰਗੀਤ ਪਰੰਪਰਾ ਵਿਚ ਵੱਖ੍ਵੱਖ ਮੌਲਿਕ ਸੁਰਲਿਪੀਆਂ ਦਾ ਸ਼ਬਦ ਕੀਰਤਨ ਰਚਨਾਵਾਂ ਹਿਤ ਪ੍ਰਯੋਗ ਹੁੰਦਾ ਰਿਹਾ ਹੈ।

ਸ. ਗਿਆਨ ਸਿੰਘ 'ਐਬਟਾਬਾਦ' ਦੇ ਉੱਕਤ ਕਾਰਜਾਂ ਤੋਂ ਉਨ੍ਹਾਂ ਵਲੋਂ ਕੀਤੀ ਸਖਤ ਘਾਲਣਾ ਪ੍ਰਤੱਖ ਹੈ। ਗੁਰਮਤਿ ਸੰਗੀਤ ਦੇ ਇਸ ਮਹਾਨ ਸੰਗੀਤਾਚਾਰੀਆ ਵਲੋਂ ਕੀਤਾ ਕਾਰਜ ਇਸ ਕਰਕੇ ਵੀ ਸ਼ਲਾਘਾਯੋਗ ਹੈ ਕਿ ਜਿਸ ਸਮੇਂ ਇਹ ਕਾਰਜ ਹੋਇਆ, ਉਸ ਸਮੇਂ ਦੇ ਸਮਾਜਿਕ ਤੇ ਆਰਥਿਕ ਹਾਲਾਤ ਬੜੇ ਨਾਜ਼ੁਕ ਸਨ ਅਤੇ ਅਰਾਜਕਤਾ ਦਾ ਬੋਲਬਾਲਾ ਵੀ ਸੀ। ਇਸ ਦੇ ਨਾਲ ਹੀ ਵਰਤਮਾਨ ਸਮੇਂ ਦੀ ਤਰ੍ਹਾਂ ਆਧੁਨਿਕਤਾ ਅਤੇ ਸੰਚਾਰ ਸਾਧਨਾਂ ਦੀ ਵੀ ਅਣਹੋਂਦ ਸੀ। ਗੁਰਮਤਿ ਸੰਗੀਤ ਦੇ ਜਿਗਿਆਸੂਆਂ, ਰਾਗੀਆਂ, ਕੀਰਤਨਕਾਰਾਂ, ਸਿਖਿਆਰਥੀਆਂ, ਵਿਦਿਆਰਥੀਆਂ ਆਦਿ ਸਾਰਿਆਂ ਨੂੰ ਚਾਹੀਦਾ ਹੈ ਕਿ ਸ. ਗਿਆਨ ਸਿੰਘ 'ਐਬਟਾਬਾਦ' ਦੇ ਜੀਵਨ ਤੋਂ ਸੇਧ ਲੈਂਦੇ ਹੋਏ ਗੁਰਮਤਿ ਸੰਗੀਤ ਪ੍ਰਤੀ ਬਣਦੇ ਆਪਣੇ ਫਰਜ਼ ਨੂੰ ਪਛਾਣਨ।

# ਰਾਗੁ ਕਲਿਆਣ

ਸੁਰਲਿਪੀ ਸਰਦਾਰ ਹਰਭਜਨ ਸਿੰਘ ਚੋਪੜਾ

**ਥਾਟ :** ਕਲਿਆਣ॥
**ਜਾਤੀ** : ਸੰਪੂਰਣ॥
**ਸਮਾਂ :** ਰਾਤ ਦਾ ਪਹਿਲਾ ਪਹਿਰ ॥
**ਵਾਦੀ ਸਵਰ** : ਗ ॥ **ਸੰਵਾਦੀ ਸਵਰ** : ਨ ॥
**ਆਰੋਹ :** ਨ਼ ਰ ਗ, ਮੰ ਪ, ਮੰ ਧ ਨ ਸੰ ॥
**ਅਵਰੋਹ :** ਸੰ ਨ ਧ ਪ, ਮੰ ਗ,ਰ ਨ਼ ਰ ਸ ॥
**ਪਕੜ :** ਨ਼ ਰ ਗ, ਗ ਰ ਗ ਮੰ ਪਰ, ਨ਼ ਰ ਸ॥
**ਸੁਰ :** ਮੰ ਤੀਵਰ, ਬਾਕੀ ਸਾਰੇ ਸ਼ੁਧ ॥

## ਰਾਗੁ ਕਲਿਆਣ (ਝੱਪ ਤਾਲ)

(ਦਸ਼ਮ ਗ੍ਰੰਥ ਅਕਾਲ ਉਸਤਤ)

| x | | 2 | | | 0 | | 3 | | |
|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 10 |
| | | | | | ਅਸਥਾਈ | | | | |
| **ਗ** | – | **ਗ** | – | **ਰ** | **ਗ** | **ਧ** | **ਪ** | – | **ਮੰ** |
| ਦੀ | .. | ਨ | .. | ਨ | ਕੀ | .. | ਪ੍ਰ | .. | ਤਿ |
| **ਗ** | **ਰ** | **ਸ** | – | **ਰ** | **ਸਰ** | **ਗਰ** | **ਸ** | – | **ਸ** |
| ਪਾ | .. | ਲ | .. | ਕ | ਰੈ.. | .... | ਨਿ | .. | ਤ |
| **ਗ** | **ਪ** | **ਪ** | – | **ਧ** | **ਨ** | **ਧ** | **ਪ** | – | **ਮੰ** |
| ਸੰ | .. | ਤ | .. | ਉ | ਬਾ | .. | ਰ | .. | ਗ |
| **ਗ** | **ਰ** | **ਸ** | – | **ਰ** | **ਸਰ** | **ਗਰ** | **ਸ** | – | **ਸ** |
| ਨੀ | .. | ਮ | .. | ਨ | ਗਾ.. | .... | ਰੇ | .. | .. |
| | | | | | ਅੰਤਰਾ | | | | |
| **ਗ** | **ਪ** | **ਪ** | – | **ਧ** | **ਨ** | **ਸੰ** | **ਸੰ** | – | **ਸੰ** |
| ਪ | .. | ਛ | .. | ਪ | ਸੂ | – | ਨਾ | .. | ਗ |
| **ਨ** | **ਧ** | **ਪ** | – | **ਧ** | **ਨ** | **ਧ** | **ਪ** | – | **ਪ** |
| ਨਾ | .. | ਗ | .. | ਨ | ਰਾ | .. | ਧਿ | .. | ਪ |
| **ਗ** | **ਪ** | **ਪ** | – | **ਧ** | **ਨ** | **ਧ** | **ਪ** | – | **ਮੰ** |
| ਸ | ਰ | ਬ | .. | ਸ | ਮੈ | .. | ਸ | .. | ਭ |
| **ਗ** | **ਰ** | **ਸ** | – | **ਰ** | **ਗ** | **ਰ** | **ਸ** | – | **ਸ** |
| ਕੋ | .. | ਪ੍ਰ | .. | ਤਿ | ਪਾ | .. | ਰੈ | .. | .. |

RNI Regd. No. 46788/89 ISSN 0972-2335

# ਸੁਰਲਿਪੀ ਵਾਲਾ ਸ਼ਬਦ ਅਤੇ ਅਰਥ

ਤ੍ਵਪ੍ਰਸਾਦਿ ॥ ਸਵੱਯੇ ॥
thavaprasaadh savayai
BY THY GRACE. SWAYYAS

ਦੀਨਨ ਕੀ ਪ੍ਰਤਿਪਾਲ ਕਰੈ ਨਿਤ ਸੰਤ ਉਬਾਰ ਗਨੀਮਨ ਗਾਰੈ ॥
dheenan kee prathipaal karai nith santh oubaar ganeeman gaarai |
He always Sustains the Lowly, protects the saints and destroys the enemies.

ਪੱਛ ਪਸੂ ਨਗ ਨਾਗ ਨਰਾਧਪ ਸਰਬ ਸਮੈ ਸਭ ਕੋ ਪ੍ਰਤਿਪਾਰੈ ॥
pash pasoo nag naag naraadhip sarab samai sabh ko prathipaarai |
At all times he Sustains all, animals, birds, mountains (or trees), serpents and men (kings of men).

ਪੋਖਤ ਹੈ ਜਲ ਮੈ ਥਲ ਮੈ ਪਲ ਮੈ ਕਲਿ ਕੇ ਨਹੀਂ ਕਰਮ ਬਿਚਾਰੈ ॥
pokhath hai jal mai thal mai pal mai kal kae nehee karam bichaarai |
He Sustains in an instant all the beings living in water and on land and doth not ponder over their actions.

ਦੀਨ ਦਇਆਲ ਦਇਆ ਨਿਧਿ ਦੋਖਨ ਦੇਖਤ ਹੈ ਪਰ ਦੇਤ ਨ ਹਾਰੈ ॥੧॥੨੪੩॥
dheen dhaeaal dhaeiaa nidh dhokhan dhaekhath hai par dhaeth n haarai |1|243|
The Merciful Lord of the Lowly and the treasure of Mercy sees their blemishes, but doth not fail in His Bounty. 1.243.

ਕਾਮ ਨ ਕ੍ਰੋਧ ਨ ਲੋਭ ਨ ਮੋਹ ਨ ਰੋਗ ਨ ਸੋਗ ਨ ਭੋਗ ਨ ਭੈ ਹੈ ॥
kaam n krodh n lobh n moh n rog n sog n bhog n bhai hai |
He is without lust, anger, greed, attachment, ailment, sorrow, enjoyment and fear.

ਦੇਹ ਬਿਹੀਨ ਸਨੇਹ ਸਭੋ ਤਨ ਨੇਹ ਬਿਰਕਤ ਅਗੇਹ ਅਛੈ ਹੈ ॥
dhaeh biheen saneh sabho than neh birakath agaeh ashai hai |
He is body-less, loving everybody but without worldly attachment, invincible and cannot be held in grasp.

ਜਾਨ ਕੋ ਦੇਤ ਅਜਾਨ ਕੋ ਦੇਤ ਜਮੀਨ ਕੋ ਦੇਤ ਜਮਾਨ ਕੋ ਦੈ ਹੈ ॥
jaan ko dhaeth ajaan ko dhaeth jameen ko dhaeth jamaan ko dhai hai |
He provides sustenance to all animate and inanimate beings and all those living on the earth and in the sky.

ਕਾਹੇ ਕੋ ਡੋਲਤ ਹੈ ਤੁਮਰੀ ਸੁਧ ਸੁੰਦਰ ਸ੍ਰੀ ਪਦਮਾਪਤਿ ਲੈ ਹੈ ॥੫॥੨੪੭॥
kaahae ko ddolath hai thumaree sudh sundhar sree padhamaapath lai hai |5|247|
Why dost thou waver, O creature! The beautiful Lord of maya will take care of thee. 5.247.

ਰੋਗਨ ਤੇ ਅਰ ਸੋਗਨ ਤੇ ਜਲ ਜੋਗਨ ਤੇ ਬਹੁ ਭਾਂਤਿ ਬਚਾਵੈ ॥
rogan thae ar sogan thae jal jogan thae bahu bhaa(n)th bachaavai |
He protects in many blows, but none doth inflict thy body.

ਸਤ੍ਰੁ ਅਨੇਕ ਚਲਾਵਤ ਘਾਵ ਤਊ ਤਨ ਏਕ ਨ ਲਾਗਨ ਪਾਵੈ ॥
sathar anaek chalaavath ghaav thoo than eaek n laagan paavai |
The enemy strikes many blows, but none doth inflict thy body.

ਰਾਖਤ ਹੈ ਅਪਨੋ ਕਰ ਦੈ ਕਰ ਪਾਪ ਸੰਬੂਹ ਨ ਭੇਟਨ ਪਾਵੈ ॥
raakhath hai apano kar dhai kar paap sanbooh n bhaettan paavai |
When the Lord protects with his own hands, but none of the sins even comes near thee.

ਔਰ ਕੀ ਬਾਤ ਕਹਾ ਕਹ ਤੋ ਸੌਂ ਸੁ ਪੇਟ ਹੀ ਕੇ ਪਟ ਬੀਚ ਬਚਾਵੈ ॥੬॥੨੪੮॥
aaur kee baath kehaa keh tho so s paett hee kae patt beech bachaavai |6|248|

(ਬਾਣੀ ਗੁਰੂ ਗੋਬਿੰਦ ਸਿੰਘ ਜੀ ਦਸਮ ਗ੍ਰੰਥ ਅਕਾਲ ਉਸਤਤ ਵਿਚੋਂ)